# ਅੰਮ੍ਰਿਤ ਕੀਰਤਨ

ਜੁਲਾਈ 2005

# Amrit Kirtan

੧੩





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 7 ◆ ਸਾਲ ਸਤਾਰਵਾਂ ◆ ਜੁਲਾਈ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 09814053630

e-mail : drjagirsingh@rediffmail.com
Website : www.amritkirtan.org



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਗੀਤ ਸੰਕਲਨ**<br>*ਡਾ. ਗੁਰਨਾਮ ਸਿੰਘ* | 5 |
| **ਰਾਗ ਅਤੇ ਸ਼ਬਦ**<br>*ਨਰਿੰਦਰ ਕੌਰ* | 12 |
| **ਰਾਗ ਵਿਵਰਨ**<br>*ਪ੍ਰੋ. ਕਰਤਾਰ ਸਿੰਘ* | 15 |
| **ਪੁਸਤਕ ਸਮੀਖਿਆ**<br>*ਪ੍ਰੋ. ਨਵਸੰਗੀਤ ਸਿੰਘ* | 18 |
| **Asa Ki Var**<br>*Encyclopedia of Sikhism* | 20 |
| **ਸੁਰ ਲਿਪੀ**<br>*ਨਰਿੰਦਰ ਕੌਰ* | 23 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰੂ ਅਸਾਡੜੇ ਸੇਈ

♦ ਆਪ ਜੀ ਵੱਲੋਂ ਭਾਰੀ ਮਿਹਨਤ ਅਤੇ ਸਿਦਕਦਿਲੀ ਨਾਲ ਤਿਆਰ ਕੀਤਾ ਜਾ ਰਿਹਾ ਮਾਸਿਕ 'ਅੰਮ੍ਰਿਤ ਕੀਰਤਨ' ਮਿਲਣਾ ਸ਼ੁਰੂ ਹੋ ਗਿਆ ਹੈ, ਜਿਸ ਲਈ ਹਾਰਦਿਕ ਰਿਣੀ ਹਾਂ। ਪ੍ਰਸਤੁਤ ਸਮੱਗਰੀ ਉੱਚ ਪੱਧਰ ਦੀ ਹੁੰਦੀ ਹੈ ਜਿਸ ਤੋਂ ਗੁਰਮਤਿ ਸੰਗੀਤ ਅਤੇ ਕੀਰਤਨ ਦੇ ਰਸੀਏ ਭਾਰੀ ਲਾਭ ਉਠਾ ਸਕਦੇ ਹਨ। ਮੈਂ ਵੀ ਨਿਕਟ ਭਵਿੱਖ ਵਿਚ ਕੋਈ ਰਚਨਾ ਭੇਜਣ ਦਾ ਯਤਨ ਕਰਾਂਗਾ।

ਗੁਰਬਾਣੀ ਦੀ ਸ਼ੁੱਧ ਛਪਾਈ ਵੱਲ ਤਵੱਜੋਂ ਦੇਣ ਦੀ ਲੋੜ ਹੈ। ਇਸ ਸਮੇਂ ਮੇਰੇ ਪਾਸ ਗੁਰਬਾਣੀ ਦੀ ਪੋਥੀ ਨਹੀਂ ਹੈ, ਫਿਰ ਵੀ ਕਈ ਪੰਕਤੀਆਂ ਗਲਤ ਲੱਗਦੀਆਂ ਹਨ। ਮਿਸਾਲ ਵੱਜੋਂ ਮਈ, 05 ਅੰਕ ਦੇ ਪੰਨਾ-2 'ਤੇ 'ਭਗਤਿ ਗੁਰ ਸੇਵਾ ਤਰਨਾ....' ਅਤੇ ਪੰਨਾ 6 ਉੱਤੇ "ਜਬ ਗੁਣ ਗਾਇ ਤਬ ਹੀ ਮਨ ਤ੍ਰਿਪਤੈ..." ਤੁਕਾਂ ਚੈੱਕ ਕਰਨ ਦੀ ਕ੍ਰਿਪਾਲਤਾ ਕਰਨੀ ਜੀ, ਕੁਝ ਫਰਕ ਮਾਲੂਮ ਹੁੰਦਾ ਹੈ।

*- ਨਿਰਵੈਰ ਸਿੰਘ ਅਰਸ਼ੀ*

*1/315, ਮਹੱਲਾ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਰੋਪੜ*

♦ ਮਈ ਅੰਕ ਵਿਚ ਪ੍ਰੋ. ਕਰਤਾਰ ਸਿੰਘ ਜੀ, ਬੀਬੀ ਨਰਿੰਦਰ ਕੋਰ, ਹਰਬੰਸ ਕੌਰ ਹੁਰਾਂ ਦੇ ਖੋਜ ਭਰਪੂਰ ਲੇਖ ਬਹੁਤ ਵਧੀਆ ਲੱਗੇ। ਪ੍ਰੋ. ਸੋਹਣ ਸਿੰਘ ਹੁਰਾਂ 'ਰਾਗ ਜੈਜਾਵੰਤੀ ਦੀ ਬੰਦਸ਼' ਵੀ ਕਾਬਲੇ ਤਾਰੀਫ ਹੈ।

'ਮ੍ਰਿਤ ਅਸਾਡੜੇ ਸੇਈ' ਵਿਚ 'ਪ੍ਰੋ. ਮੰਗਤ ਸਿੰਘ ਮਸਤਾਨਾ ਜੀ' ਰਿਆੜ ਦੀ ਗਾਇਕੀ ਬਾਰੇ ਠੀਕ ਲਿਖਿਆ ਹੈ ਅਜਿਹੇ ਰਾਗੀ ਪਰੰਪਰਾਗਤਿ ਕੀਰਤਨ ਪਰੰਪਰਾ ਖਿਲਵਾੜ ਕਰ ਰਹੇ ਹਨ ਸਿਰਫ ਪੈਸੇ ਦੀ ਖਾਤਰ ਹੀ ਐਸਾ ਕਰ ਰਹੇ ਹਨ। ਸੰਗਤਾਂ ਨੂੰ ਇਹਨਾਂ ਤੋਂ ਸਾਵਧਾਨ ਹੋਣਾ ਚਾਹੀਦਾ ਹੈ। ਗੁਰੂ ਘਰ ਦੀ ਕੀਰਤਨ ਪਰੰਪਰਾ ਨਾਲ ਜੁੜੇ ਕੀਰਤਨੀਆਂ ਦਾ ਹੌਸਲਾ ਵਧਾਉਣਾ ਚਾਹੀਦਾ ਹੈ ਤਾਂ ਹੀ ਵਿਰਸੇ ਦੀ ਸੰਭਾਲ ਹੋ ਸਕਦੀ ਹੈ।

*- ਭਾਈ ਅਵਤਾਰ ਸਿੰਘ ਹੰਸ*

*ਗੁ: ਮਹਿਲ ਮੁਬਾਰਕ, ਧੂਰੀ ਰੋਡ, ਸੰਗਰੂਰ*

## ਕਰਉ ਬੇਨੰਤੀਆ

### ਗੁਰਮਤਿ ਸੰਗੀਤ ਦਾ ਸ਼ੈਦਾਈ - ਹਰਜਾਪ ਸਿੰਘ ਨਿਊ ਜਰਸੀ

ਹਰਜਾਪ ਸਿੰਘ ਨਾਲ ਮੇਰੀ ਮੁਲਾਕਾਤ 1974-75 ਵਿਚ ਹੋਈ ਸੀ। ਚੰਡੀਗੜ੍ਹ ਦੇ ਸੈਕਟਰ 7 ਵਿਚ ਸ੍ਰ. ਕਰਤਾਰ ਸਿੰਘ ਮਾਨ ਜੋ ਉਸ ਵੇਲੇ ਪੰਜਾਬ ਸਕੱਤਰੇਤ ਵਿਚ ਸ਼ਾਇਦ ਅੰਡਰ ਸੈਕਟਰੀ ਸਨ, ਦੇ ਘਰ ਕੀਰਤਨ ਸੀ। ਉਸ ਸਮਾਗਮ 'ਤੇ ਉਦੋਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਵੀ ਆਏ ਹੋਏ ਸਨ। ਕੀਰਤਨ ਸਮੇਂ ਗਿਆਨੀ ਜੀ ਵੀ ਸਾਥ ਦੇ ਰਹੇ ਸਨ। ਕੀਰਤਨ ਸਮਾਪਤੀ ਤੋਂ ਬਾਅਦ ਸਾਡੀ ਬੜੀ ਵਾਹਵਾ ਹੋਈ। ਜਦੋਂ ਅਸੀਂ ਆਪਣੇ ਸਾਜ਼ ਗੱਡੀ ਵਿਚ ਰੱਖ ਰਹੇ ਸਾਂ ਤਾਂ ਹਰਜਾਪ ਸਿੰਘ ਨੇ ਪਿੱਛੋਂ ਆ ਕੇ ਜੱਫੀ ਪਾ ਲਈ ਤੇ ਕਹਿਣ ਲੱਗੇ -ਬੜੀ ਦੇਰ ਬਾਅਦ ਇਤਨਾ ਵਧੀਆ ਕੀਰਤਨ ਸੁਣਿਆ ਹੈ। ਮੈਂ ਉਦੋਂ ਅਜੇ ਤਾਜ਼ਾ-ਤਾਜ਼ਾ ਚੰਡੀਗੜ੍ਹ ਵਿਚ ਆਇਆ ਸਾਂ ਤੇ ਮੈਨੂੰ ਅਜਿਹੀ ਪ੍ਰਸ਼ੰਸਾ ਕਰਨ ਵਾਲੇ ਸੱਜਣਾਂ ਦੀ ਲੋੜ ਸੀ।

ਇਸ ਤੋਂ ਬਾਅਦ ਵੀ ਕਈ ਸਮਾਗਮਾਂ ਤੇ ਹਰਜਾਪ ਸਿੰਘ ਹੋਰੀਂ ਮਿਲਦੇ ਰਹੇ ਤੇ ਮੈਂ ਉਨ੍ਹਾਂ ਦੀ ਸੰਗੀਤਕ ਸੂਝ ਦਾ ਕਾਇਲ ਹੁੰਦਾ ਗਿਆ। ਉਨ੍ਹਾਂ ਦੇ ਪਿਤਾ ਜੀ ਦਾ ਦੇਹਾਂਤ ਹੋਇਆ ਤਾਂ ਉਨ੍ਹਾਂ ਨੇ ਕੀਰਤਨ ਲਈ ਮੇਰੇ ਜਥੇ ਨੂੰ ਬੁਲਾਇਆ ਤੇ ਨਾਲ ਹੀ ਭਾਈ ਮੋਹਨਪਾਲ ਸਿੰਘ ਨੂੰ ਸੱਦਿਆ। ਮੋਹਨਪਾਲ ਸਿੰਘ ਬੜਾ ਸੁਰੀਲਾ ਕੀਰਤਨ ਕਰਦੇ ਸਨ। ਉਨ੍ਹਾਂ ਦੇ ਪੁਰਖਿਆਂ ਭਾਈ ਜਸਵੰਤ ਸਿੰਘ ਭਾਈ ਪਾਲ ਸਿੰਘ ਦੇ ਕੀਰਤਨ ਦਾ ਵੀ ਮੈਂ ਬੜਾ ਪ੍ਰਸ਼ੰਸਕ ਰਿਹਾ ਹਾਂ।

ਫਿਰ ਹਰਜਾਪ ਸਿੰਘ ਜੀ ਜਿਵੇਂ ਗਾਇਬ ਹੀ ਹੋ ਗਏ। ਫਿਰ 1982 ਵਿਚ ਇਕ ਦਿਨ ਉਨ੍ਹਾਂ ਦੇ ਛੋਟੇ ਭਰਾ ਔਜਲਾ ਸਾਹਿਬ ਜੋ ਉਦੋਂ ਚੰਡੀਗੜ੍ਹ ਵਿਚ ਐਸ ਐਸ ਪੀ ਹੁੰਦੇ ਸਨ, ਦਾ ਸੁਨੇਹਾ ਮਿਲਿਆ। ਮੈਂ ਉਨ੍ਹਾਂ ਨੂੰ ਮਿਲਣ ਗਿਆ ਤਾਂ ਉਨ੍ਹਾਂ ਦੱਸਿਆ ਕਿ ਹਰਜਾਪ ਸਿੰਘ ਹੋਰੀ ਅਮਰੀਕਾ ਚਲੇ ਗਏ ਹਨ ਤੇ ਸਾਨੂੰ ਉਥੇ ਬੁਲਾਉਣਾ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰਾ ਤਾਂ ਅਮਰੀਕਾ ਜਾਣ ਦਾ ਕੋਈ ਵਿਚਾਰ ਨਹੀਂ ਤੇ ਨਾ ਹੀ ਮੈਂ ਪਾਸਪੋਰਟ ਬਣਵਾਇਆ ਹੈ। ਉਨ੍ਹਾਂ ਕਿਹਾ ਪਾਸਪੋਰਟ ਤਾਂ ਬਣਵਾ ਲਵਾਂਗੇ ਤੁਸੀਂ ਕੁਝ ਸਮੇਂ ਲਈ ਅਮਰੀਕਾ ਜਾਣ ਦਾ ਮਨ ਬਣਾ ਲਵੋ। ਮੈਂ ਘਰ ਆ ਕੇ ਆਪਣੇ ਪਰਿਵਾਰ ਨਾਲ ਅਤੇ ਸਾਥੀਆਂ ਨਾਲ ਸਲਾਹ ਕੀਤੀ ਤੇ ਅਮਰੀਕਾ ਜਾਣ ਮਨ ਬਣਾ ਲਿਆ। ਮਹੀਨੇ ਕੁ ਵਿਚ ਪਾਸਪੋਰਟ ਵਗੈਰਾ ਬਣ ਗਏ ਤੇ ਹਰਜਾਪ ਸਿੰਘ ਹੋਰਾਂ ਨਿਊਜਰਸੀ ਗੁਰਦੁਆਰਾ ਗਾਰਡਣ ਸਟੇਟ ਵਲੋਂ ਸਪਾਂਸਰਸ਼ਿਪ ਭੇਜ ਦਿੱਤੀ। ਬੜੇ ਚਾਅ ਨਾਲ ਅਮਰੀਕਾ ਐਂਬੈਸੀ ਜਾ ਪੁੱਜੇ। ਪਰ ਉਥੇ ਸਾਨੂੰ ਵੀਜ਼ਾ ਨਾ ਮਿਲਿਆ। ਕਈ ਵਾਰ ਫੇਰੇ ਮਾਰਨ ਤੋਂ ਬਾਅਦ ਮੈਨੂੰ ਇਕੱਲੇ ਨੂੰ ਵੀਜ਼ਾ ਮਿਲਿਆ। ਹਰਜਾਪ ਸਿੰਘ ਹੋਰਾਂ ਕਿਹਾ -ਇਕੱਲੇ ਹੀ ਆ ਜਾਵੋ।

ਕੇਵਲ ਦੋ ਮਹੀਨੇ ਲਈ ਅਮਰੀਕਾ ਜਾ ਪੁੱਜਾ। ਹਰਜਾਪ ਸਿੰਘ ਹੋਰਾਂ ਦੇ ਘਰ ਗਿਆ ਤਾਂ ਇਹ ਘਰ ਘੱਟ ਤੇ ਸੰਗੀਤ ਦਾ ਅਜਾਇਬ ਘਰ ਵਧੇਰੇ ਜਾਪਿਆ। ਹਰਜਾਪ ਸਿੰਘ ਹੋਰੀ ਸਾਰੀ ਜ਼ਿੰਦਗੀ ਜੋ ਉਨ੍ਹਾਂ ਨੇ ਵਧੀਆ ਸੰਗੀਤ ਦੇ ਤਵੇ, ਕੈਸਟ

ਟੇਪਾਂ ਆਦਿ ਇਕੱਠੀਆਂ ਕੀਤੀਆਂ ਸਨ ਸਾਰੀਆਂ ਹੀ ਮੈਨੂੰ ਸੁਣਾ ਦੇਣੀਆਂ ਚਾਹੁੰਦੇ ਸਨ। ਅਜਿਹਾ ਸੰਗੀਤ ਖਜ਼ਾਨਾ ਮੈਂ ਕਿਤੇ ਹੋਰ ਨਹੀਂ ਸੀ ਵੇਖਿਆ। ਅਮਰੀਕਾ ਦੀ ਇਸ ਫੇਰੀ ਦੌਰਾਨ ਹਰਜਾਪ ਸਿੰਘ ਹੋਰੀਂ ਮੈਨੂੰ ਆਪਣੀ ਗੱਡੀ ਵਿਚ ਲੈ ਕੇ ਵੱਖ ਵੱਖ ਗੁਰਦੁਆਰਿਆਂ ਵਿਚ ਘੁੰਮਦੇ ਰਹੇ ਅਤੇ ਮੈਨੂੰ ਲੋਕਾਂ ਨਾਲ ਮਿਲਾਉਂਦੇ ਰਹੇ। ਉਹ ਮੇਰੇ ਬਾਰੇ ਇੰਜ ਗੱਲ ਕਰਦੇ ਜਿਵੇਂ ਕੋਈ ਬੱਚਾ ਆਪਣੇ ਨਵੇਂ ਖਿਡਾਉਣੇ ਨੂੰ ਚਾਅ ਨਾਲ ਆਪਣੇ ਸਾਥੀਆਂ ਨੂੰ ਦਿਖਾਉਂਦਾ ਹੈ। ਉਥੇ ਗੁਰਦੁਆਰੇ ਵਿਚ ਜਿਥੇ ਕੀਰਤਨ ਕਰਨ ਦਾ ਮੌਕਾ ਮਿਲਿਆ ਕੁਝ ਹੋਰ ਗੱਲਾਂ ਵੀ ਪਤਾ ਲੱਗੀਆਂ।

ਹਰਜਾਪ ਸਿੰਘ ਗੁਰਦੁਆਰੇ ਨੂੰ ਆਪਣੀ ਰੁਚੀ ਅਨੁਸਾਰ ਚਲਾਉਣਾ ਚਾਹੁੰਦੇ ਸਨ। ਚੰਗੇ ਰਾਗੀ ਜਥਿਆਂ ਨੂੰ ਕਿਸੇ ਤਰ੍ਹਾਂ ਵੀ ਬੁਲਾਉਣਾ ਚਾਹੁੰਦੇ ਸਨ। ਉਨ੍ਹਾਂ ਨੂੰ ਕੇਵਲ ਕਲਾਸੀਕਲ ਕੀਰਤਨ ਕਰਨ ਲਈ ਕਹਿੰਦੇ। ਇਸ ਕਾਰਨ ਕਈ ਵਾਰ ਸੰਗਤ ਅਤੇ ਬਾਕੀ ਦੇ ਪ੍ਰਬੰਧਕਾਂ ਦੀ ਨਰਾਜ਼ਗੀ ਵੀ ਝਲਣੀ ਪੈਂਦੀ। ਮਾੜੇ ਰਾਗੀ ਜਥੇ ਨੂੰ ਉਹ ਗੁਰਦੁਆਰੇ ਟਿਕਣ ਨਹੀਂ ਸੀ ਦਿੰਦੇ।


ਆਪਣੀ ਇਸ ਸੰਗੀਤਕ ਰੁਚੀ ਲਈ ਹੀ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਰਹਿਣਾ ਚਾਹੁੰਦੇ ਸਨ। ਉਹ ਆਪਣੀ ਮਨ ਮਰਜ਼ੀ ਦੇ ਪ੍ਰਬੰਧਕਾਂ ਦੀ ਚੋਣ ਕਰਨਾ ਚਾਹੁੰਦੇ। ਇਸ ਕਾਰਨ ਕਈ ਗੁਰਦੁਆਰਾ ਸਿਆਸਤ ਦਾ ਘਰ ਬਣ ਕੇ ਰਹਿ ਜਾਂਦਾ।

ਹਰਜਾਪ ਸਿੰਘ ਦੇ ਮਨ ਵਿਚ ਚੰਗੇ ਰਾਗੀ ਜਥਿਆਂ ਲਈ ਬਹੁਤ ਸਤਿਕਾਰ ਹੈ। ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਧਰਮ ਸਿੰਘ ਜ਼ਖਮੀ, ਭਾਈ ਸ਼ਮਸ਼ੇਰ ਸਿੰਘ ਜ਼ਖਮੀ ਆਦਿ ਦੀਆਂ ਪੁਰਾਣੀਆਂ ਰਿਕਾਰਡਿੰਗਜ਼ ਬੜੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਜੀ ਤਾਂ ਉਨ੍ਹਾਂ ਦੇ ਪਰਿਵਾਰਕ ਕੀਰਤਨੀਏ ਹਨ। ਪਰਿਵਾਰਕ ਸਮਾਗਮਾਂ 'ਤੇ ਆਮ ਤੌਰ 'ਤੇ ਉਨ੍ਹਾਂ ਦਾ ਹੀ ਕੀਰਤਨ ਹੁੰਦਾ ਹੈ ਜਾਂ ਫਿਰ ਮੈਨੂੰ ਮੌਕਾ ਮਿਲਦਾ ਰਿਹਾ ਹੈ।

ਇਸ ਤੋਂ ਇਲਾਵਾ ਹਰਜਾਪ ਸਿੰਘ ਪੁਰਾਤਨ ਫਿਲਮੀ ਸੰਗੀਤਕਾਰਾਂ ਜਿਵੇਂ ਗੁਲਾਮ ਹੈਦਰ, ਅੱਲਾ ਰੱਖਾ, ਐਸ ਮਹਿੰਦਰ ਆਦਿ ਦੇ ਸੰਗੀਤ ਅਤੇ ਉਨ੍ਹਾਂ ਦੇ ਜੀਵਨ ਬਾਰੇ ਵੀ ਕਾਫੀ ਗਿਆਨ ਹੈ। ਇਸ ਬਾਰੇ ਉਨ੍ਹਾਂ ਨੇ ਕਈ ਲੇਖ 'ਅੰਮ੍ਰਿਤ ਕੀਰਤਨ' ਲਈ ਲਿਖੇ ਹਨ।

ਉਹ ਅਕਸਰ ਅਜੀਤ, ਪੰਜਾਬੀ ਟ੍ਰਿਬਿਊਨ ਲਈ ਭਾਂਤ ਭਾਂਤ ਦੇ ਵਿਸ਼ਿਆਂ ਬਾਰੇ ਲੇਖ ਲਿਖਦੇ ਰਹਿੰਦੇ ਹਨ। ਹਰਜਾਪ ਸਿੰਘ ਅੰਦਰਲੀਆਂ ਬਹੁਤ ਸਾਰੀਆਂ ਖੂਬੀਆਂ ਹਨ। ਉਨ੍ਹਾਂ ਦਾ ਗੁਰਮਤਿ ਸੰਗੀਤ ਨਾਲ ਅਤਿ ਦਰਜੇ ਦਾ ਲਗਾਉ ਕਾਰਨ ਕਈ ਵਾਰ ਉਹਨਾਂ ਦੀਆਂ ਖੂਬੀਆਂ ਵੀ ਖਾਮੀਆਂ ਜਾਪਣ ਲਗਦੀਆਂ ਹਨ। ਪਰ ਉਹ ਮੇਰੇ ਗੂਹੜੇ ਮਿੱਤਰਾਂ ਵਿਚੋਂ ਹਨ। ਉਨ੍ਹਾਂ ਨੇ ਮੇਰੀ ਕੀਰਤਨ ਕਲਾ ਨੂੰ ਨਿਖਾਰਨ ਅਤੇ ਦੇਸ ਵਿਦੇਸ਼ ਵਿਚ ਪ੍ਰਵਾਨ ਚੜ੍ਹਾਉਣ ਲਈ ਵੱਡਾ ਯੋਗਦਾਨ ਪਾਇਆ ਹੈ। ਇਹ ਕੁਝ ਲਿਖਣ ਦਾ ਕੋਈ ਖਾਸ ਮੰਤਵ ਨਹੀਂ, ਬਸ ਸੋਚ ਰਿਹਾ ਸਾਂ ਕਿ ਹਰਜਾਪ ਸਿੰਘ ਦੀ ਯਾਦ ਆ ਗਈ ਤੇ ਉਨ੍ਹਾਂ ਬਾਰੇ ਕੁਝ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰ ਲਈਆਂ।

ਖਿਮਾ ਕਰਨਾ।



# ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਗੀਤ ਸੰਕਲਨ

ਡਾ. ਗੁਰਨਾਮ ਸਿੰਘ : ਪ੍ਰੋ. ਤੇ ਮੁਖੀ, ਗੁਰਮਤਿ ਸੰਗੀਤ ਚੇਅਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਇਕ 'ਗੇਯ ਰਚਨਾ' ਵਜੋਂ ਕੀਤਾ ਗਿਆ ਹੈ। ਬਾਣੀ ਦੀ ਪ੍ਰਸਤੁਤੀ ਲਈ ਗਾਇਨ ਤੇ ਕੀਰਤਨ ਦੇ ਮਹੱਤਵ ਨੂੰ ਦਰਸਾਉਣ ਲਈ ਅਨੇਕ ਗੁਰ ਫੁਰਮਾਨ ਅੰਕਿਤ ਹਨ।

*ਕਲਜੁਗ ਮਹਿ ਕੀਰਤਨ ਪਰਧਾਨਾ।*
*ਗੁਰਮੁਖਿ ਜਪੀਐ ਲਾਇ ਧਿਆਨਾ॥* (ਪੰਨਾ 1075)

*ਕੀਰਤਨੁ ਨਿਰਮੋਲਕ ਹੀਰਾ।*
*ਆਨੰਦ ਗੁਣੀ ਗਹੀਰਾ॥* (ਪੰਨਾ 893)

*ਗੁਰਬਾਣੀ ਗਾਵਹ ਭਾਈ।*
*ਓਹ ਸਫਲ ਸਦਾ ਸੁਖਦਾਈ॥* (ਪੰਨਾ 629)

*ਸਾਧਸੰਗਿ ਹਰਿ ਕੀਰਤਨੁ ਗਾਈਐ।*
*ਇਹ ਅਸਥਾਨੁ ਗੁਰੂ ਤੇ ਪਾਈਐ॥* (ਪੰਨਾ 685)

*ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ।*
*ਕੀਰਤਨੁ ਹਰਿ ਹਰਿ ਗਾਈ॥* (ਪੰਨਾ 1000)

ਇਨ੍ਹਾਂ ਫੁਰਮਾਨਾਂ ਤੋਂ ਇਲਾਵਾ ਕਾਵਿ ਤੇ ਸੰਗੀਤ ਦੇ ਸੁਮੇਲ ਵਜੋਂ ਸਰੂਪਤ ਹੋਣ ਵਾਲੀ ਇਸ ਦੈਵੀ ਰਚਨਾ ਦੀ ਗੇਯਾਤਮਿਕਤਾ, ਇਸਦੇ ਰਾਗਾਤਮਕ ਵਰਗੀਕਰਣ, ਇਸ ਦੀਆਂ ਭਿੰਨ-ਭਿੰਨ ਗਾਇਨ ਸ਼ੈਲੀਆਂ ਬਾਣੀ ਅੰਤਰਨਿਹਤ ਵੱਖ ਵੱਖ ਸਿਰਲੇਖਾਂ, ਸੰਕੇਤਾਂ ਦੀ ਸੰਗੀਤਕ ਉਪਯੁਕਤਤਾ ਸਹਿਤ ਨਿਸ਼ਚਤ 'ਸੰਗੀਤ ਵਿਧਾਨ' ਦੇ ਰੂਪ ਵਿਚ ਪ੍ਰਤੱਖ ਹੁੰਦੀ ਹੈ। ਬਾਣੀ ਦਾ ਇਹ ਸੰਗੀਤ ਵਿਧਾਨ ਲਿਖਤ ਮਾਤਰ ਹੀ ਨਹੀਂ ਸਗੋਂ ਸਿੱਖ ਧਰਮ ਵਿਚ ਸਦੀਆਂ ਤੋਂ ਇਕ ਵਿਸ਼ਿਸਟ ਸੰਗੀਤਕ ਪਰੰਪਰਾ ਵਜੋਂ ਇਸਦਾ ਪ੍ਰਚਲਨ ਵੀ ਹੈ, ਜਿਸਦਾ ਉਦੈ ਅਕਾਲ ਰੂਪ ਗੁਰੂ ਨਾਨਕ ਦੇਵ ਜੀ ਤੇ ਰਬਾਬੀ ਭਾਈ ਮਰਦਾਨਾ ਦੇ ਇਲਾਹੀ ਕੀਰਤਨ ਦੁਆਰਾ ਹੋਇਆ। ਵੱਖ ਵੱਖ ਕੀਰਤਨ ਸ਼ੈਲੀਆਂ, ਵਿਸ਼ੇਸ਼ ਕੀਰਤਨ ਸਾਜ਼ਾਂ ਅਤੇ ਕੀਰਤਨੀਆਂ ਦੁਆਰਾ ਕੀਰਤਨ ਦੀ ਇਸ ਪਰੰਪਰਾ ਨੂੰ ਗੁਰੂ ਸਾਹਿਬਾਨ ਨੇ ਮਰਿਆਦਤ ਰੂਪ ਵਿਚ ਪ੍ਰਚਲਿਤ ਕੀਤਾ। ਇਹ ਮਰਿਆਦਤ ਕੀਰਤਨ ਪਰੰਪਰਾ ਦੀ ਮੂਲ ਸਮੱਗਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸੰਗੀਤਮਈ ਸਰੂਪ ਅਤੇ ਵਿਧਾਨ 'ਤੇ ਅਧਾਰਿਤ ਹੈ। ਸਿੱਖ ਧਰਮ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਭਾਵ ਗੁਰ ਸਿਧਾਂਤ ਦੀ ਅਨੁਸਾਰੀ ਸੰਗੀਤ ਪਰੰਪਰਾ ਨੂੰ ਅਸੀਂ 'ਗੁਰਮਤਿ ਸੰਗੀਤ' ਵਜੋਂ ਪਛਾਣਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦੇ ਸੰਦਰਭ ਵਿਚ ਵੇਖੀਏ ਤਾਂ ਵਿਚ ਬਾਣੀ ਨੂੰ ਮੁੱਖ ਤੌਰ ਤੇ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਤੋਂ ਵਿਕਸਿਤ ਰਾਗਾਂ, ਗਾਇਨ ਰੂਪਾਂ ਅਤੇ ਲੋਕ ਧੁਨੀਆਂ ਅਧੀਨ ਨਿਬੱਧ ਕੀਤਾ ਗਿਆ ਹੈ। ਇਸ ਪ੍ਰਯੋਗ ਦੇ ਅੰਤਰਗਤ ਸੰਗੀਤ ਦੇ ਵੱਖੋ-ਵੱਖਰੇ ਮੌਲਿਕ ਅਤੇ ਨਿਵੇਕਲੇ ਰੂਪ ਪ੍ਰਗਟ ਹੋ ਰਹੇ ਹਨ। ਇਸ ਪਰੰਪਰਾ ਵਿਚ ਪ੍ਰਚਲਿਤ ਰਾਗਾਤਮਕ ਕੀਰਤਨ ਚੌਕੀਆਂ[1], ਕੀਰਤਨ ਗਾਇਨ ਸ਼ੈਲੀਆਂ[2], ਕੀਰਤਨ ਸਾਜ਼[3], ਕੀਰਤਨ ਟਕਸਾਲਾਂ[4] ਦੇ ਰੂਪ ਵਿਚ ਕੀਰਤਨੀਆਂ ਦੀ ਘਰਾਣੇਦਾਰ ਪਰੰਪਰਾ[5] ਅਤੇ ਸ਼ਬਦ ਕੀਰਤਨ ਦੀਆਂ ਸੰਗੀਤ ਰਚਨਾਵਾਂ ਦਾ ਸੁਰਲਿਪੀਬੱਧ, ਸੀਨਾ-ਬ-ਸੀਨਾ ਵਿਸ਼ਾਲ ਭੰਡਾਰ[6] ਇਸ ਪਰੰਪਰਾ ਦਾ ਮੌਲਿਕ ਤੇ ਵਿਸਤ੍ਰਿਤ ਵਿਸਥਾਰ ਹੈ। ਪਰੰਤੂ ਇਸ ਸੰਗੀਤ ਪਰੰਪਰਾ ਦਾ ਪਰਮਾਣਿਕ ਆਧਾਰ ਵਿਧਾਨ ਹੀ ਹੈ ਅਤੇ ਇਹੀ ਸੰਗੀਤ ਵਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ

---

1. ਤਿੰਨ ਪਹਿਰ ਦੀ ਚੌਕੀ, ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਆਨੰਦ ਦੀ ਚੌਕੀ, ਚਰਣ ਕਮਲ ਜਾਂ ਸਾਰੰਗ ਦੀ ਚੌਕੀ, ਸੋਦਰੁ ਦੀ ਚੌਕੀ, ਆਰਤੀ ਦੀ ਚੌਕੀ, ਕਲਿਆਣ ਦੀ ਚੌਕੀ, ਕਾਨੜੇ ਦੀ ਚੌਕੀ, ਬਸੰਤ ਦੀ ਚੌਕੀ ਆਦਿ।
2. ਸ਼ਾਸਤਰੀ ਸੰਗੀਤ ਅੰਗ ਦੀਆਂ ਸ਼ੈਲੀਆਂ : ਅਸਟਪਦੀ, ਪਦੇ, ਪੜਤਾਲ ਅਤੇ ਲੋਕ ਸੰਗੀਤ ਅੰਗ ਦੀਆਂ ਗਾਇਨ ਸ਼ੈਲੀਆਂ : ਵਾਰ, ਛੰਤ, ਅਲਾਹੁਣੀਆਂ, ਘੋੜੀਆਂ ਆਦਿ।
3. ਤੱਤ ਸ਼ਾਜ : ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਤੰਬੂਰਾ। ਅਵਨਧ ਸਾਜ਼ : ਮਿੰਦ੍ਰਗ, ਪਖਾਵਜ, ਤਬਲਾ ਆਦਿ।
4. ਦਮਦਮਾ ਸਾਹਿਬ ਟਕਸਾਲ, ਬੁੱਢਾ ਜੋੜ ਟਕਸਾਲ, ਮਸਤੂਆਣਾ ਟਕਸਾਲ, ਸੇਵਾਪੰਥੀ ਟਕਸਾਲ, ਦੌਧਰ ਟਕਸਾਲ, ਹਰਗਨਾ ਟਕਸਾਲ, ਤਰਨਤਾਰਨ ਟਕਸਾਲ ਆਦਿ।
5. ਭਾਈ ਪ੍ਰੇਮ ਸਿੰਘ, ਮਾਸਟ ਸੁੰਦਰ ਸਿੰਘ, ਮਾਸਟਰ ਮੋਹਨ ਸਿੰਘ, ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਬ, ਪ੍ਰਿੰ. ਦਿਆਲ ਸਿੰਘ, ਪ੍ਰੋਫੈਸਰ ਕਰਤਾਰ ਸਿੰਘ ਅਤੇ ਹੋਰ ਗੁਰਮਤਿ ਸੰਗੀਤਾਚਾਰੀਆਂ ਦੁਆਰਾ ਸੁਰ ਲਿਪੀਬੱਧ ਰਚਨਾਵਾਂ ਦੇ ਸੰਗ੍ਰਹਿ।
6. ਗੁਰੂ ਗ੍ਰੰਥ ਸਾਹਿਬ ਪੰਨਾ 137, 318, 462, 508, 585, 947, 1237, 1278, 1312.

ਦੇ ਸੰਕਲਨ ਦੀ ਬੁਣਤ ਤੇ ਬਣਤਰ ਦਾ ਆਧਾਰ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਲਈ ਪ੍ਰਯੋਗ ਕੀਤੀਆਂ ਗਈਆਂ ਇਨ੍ਹਾਂ ਵਿਭਿੰਨ ਸੰਗੀਤ ਤੱਤਾਂ ਤੇ ਇਕਾਈਆਂ ਦੀ ਕਾਰਜਸ਼ੀਲਤਾ ਨੂੰ ਅਸੀਂ ਇਸ ਤਰ੍ਹਾਂ ਪਛਾਣ ਸਕਦੇ ਹਾਂ :

**1. ਰਾਗ:** ਰਾਗ ਦੀ ਚਿਰੰਜੀਵੀ ਤੇ ਚਿਰਸਥਾਈ ਜਨ ਚਿਤ ਰੰਜਕ ਸ਼ਕਤੀ ਦਾ ਸਦ ਉਪਯੋਗ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਵਿਚ ਇਸ ਨੂੰ ਪ੍ਰਾਥਮਿਕ ਅਤੇ ਆਰੰਭਕ ਦਰਜਾ ਦਿੱਤਾ ਗਿਆ। ਇਸ ਰਾਗ ਪ੍ਰਬੰਧ ਅਧੀਨ ਭਾਰਤੀ ਸੰਗੀਤ ਦੇ ਮੱਧਕਾਲੀਨ ਰਾਗ ਰਾਗਣੀ ਵਰਗੀਕਰਨ ਦੇ ਪ੍ਰਚੱਲਿਤ ਮੱਤਾਂ ਅਤੇ ਰਾਗ ਮਾਲਾਵਾਂ ਦੇ ਝਮੇਲਿਆਂ ਦਾ ਅਨੁਸਰਣ ਨਹੀਂ ਕੀਤਾ ਗਿਆ ਸਗੋਂ ਮੌਲਿਕ ਰਾਗ ਮਤ ਦੇ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 31 ਰਾਗਾਂ (ਤਤਕਰੇ ਅਨੁਸਾਰ) ਤੇ 31 ਮਿਸ਼ਰਤ ਰਾਗਾਂ (31 ਮੁੱਖ ਰਾਗਾਂ ਅਧੀਨ ਆਉਣ ਵਾਲੇ ਰਾਗ ਜਿਵੇਂ ਗਉੜੀ ਤੇ ਹੋਰ ਰਾਗਾਂ ਦੇ ਪ੍ਰਕਾਰ ਆਦਿ) ਅਧੀਨ ਵਰਗੀਕ੍ਰਿਤ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੇ ਅੰਤਰਗਤ ਰਾਗ ਦੇ ਪ੍ਰਯੋਗ ਨੂੰ ਨਵੀਨ ਅਰਥ ਪ੍ਰਦਾਨ ਕੀਤੇ ਗਏ ਹਨ। ਉਦਾਹਰਣ ਦੇ ਤੌਰ ਤੇ ਜਿਵੇਂ ਕਿ ਅਸੀਂ ਪਹਿਲਾਂ ਵਰਣਨ ਕਰ ਆਏ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਗੇਯ ਰਚਨਾ ਭਾਵ ਗਾਇਨ ਕੀਤੇ ਜਾਣ ਵਾਲੀ ਰਚਨਾ ਵਜੋਂ ਹੋਈ ਹੈ। ਜਪੁ, ਸੋਦਰੁ ਮਹਲਾ, ਸੁਣਿ ਵਡਾ ਮਹਲਾ ੧, ਸੋ ਪੁਰਖੁ ਮਹਲਾ ੨, ਸੋਹਿਲਾ ਮਹਲਾ ੧ ਤੋਂ ਬਾਅਦ ਦੀਆਂ ਆਰੰਭਿਕ ਬਾਣੀਆਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੁੱਖ ਹਿੱਸਾ ਸਿਰੀ ਰਾਗ ਤੋਂ ਆਰੰਭ ਹੋ ਕੇ ਜੈਜਾਵੰਤੀ ਰਾਗ ਅਧੀਨ ਵਰਗੀਕ੍ਰਿਤ ਕੀਤਾ ਗਿਆ ਹੈ। ਇਨ੍ਹਾਂ ਤੋਂ ਬਾਅਦ ਸਲੋਕ ਸਹਸਕ੍ਰਿਤੀ ਮਹਲਾ ੧, ਸਲੋਕ ਸਹਸਕ੍ਰਿਤੀ ਮਹਲਾ ੪, ਗਾਥਾ ਮਹਲਾ ੪, ਫੁਨਹੇ ਮਹਲਾ ੪ ਚਉਬੋਲੇ ਮਹਲਾ ੪, ਸਲੋਕ ਭਗਤ ਜੀ, ਸਲੋਕ ਭਗਤ ਫਰੀਦ ਜੀ, ਸਵਯੇ ਸ੍ਰੀ ਮੁੱਖ ਵਾਕ, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯, ਮੁੰਦਾਵਣੀ ਮਹਲਾ ੫ ਤੇ ਰਾਗ ਮਾਲਾ, ਬਾਣੀਆਂ ਰਾਗ ਰਹਿਤ ਅੰਤਿਕਾਵਾਂ ਰੂਪ ਵਿਚ ਹਨ।

ਇਸ ਤਰ੍ਹਾਂ ਬਾਣੀ ਦਾ ਮੁੱਖ ਭਾਗ ਰਾਗਾਂ ਅਧੀਨ ਹੈ। ਇਨ੍ਹਾਂ ਰਾਗਾਂ ਦੀ ਤਰਤੀਬ ਇਸ ਪ੍ਰਕਾਰ ਹੈ:-

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
|---|---|---|
| 1. ਸਿਰੀ | – | 14 |
| 2. ਮਾਝ | – | 94 |
| 3. ਗਉੜੀ | – | 151 |
| | (ੳ) ਗਉੜੀ ਗੁਆਰੇਰੀ (1) | 151 |
| | (ਅ) ਗਉੜੀ ਦੱਖਣੀ (2) | 152 |
| | (ੲ) ਗਉੜੀ ਚੇਤੀ (3) | 154 |
| | (ਸ) ਗਉੜੀ ਬੈਰਾਗਣਿ (4) | 156 |
| | (ਹ) ਗਉੜੀ ਪੂਰਬੀ ਦੀਪਕੀ (5) | 157 |
| | (ਕ) ਗਉੜੀ ਪੂਰਬੀ (6) | 242 |
| | (ਖ) ਗਉੜੀ ਦੀਪਕੀ (7) | 12 |
| | (ਗ) ਗਉੜੀ ਮਾਝ (8) | 172 |
| | (ਘ) ਗਉੜੀ ਮਾਲਵਾ(9) | 214 |
| | (ਙ) ਗਉੜੀ ਮਾਲਾ (10) | 214 |
| | (ਚ) ਗਉੜੀ ਸੋਰਠਿ (11) | 330 |
| 4. ਆਸਾ | – | 347 |
| | (ੳ) ਆਸਾ ਕਾਫੀ (12) | 365 |
| | (ਅ) ਆਸਾਵਰੀ (13) | 409 |
| | (ੲ) ਆਸਾਵਰੀ ਸੁਧੰਗ (14) | 369 |
| 5. ਗੂਜਰੀ | – | 489 |
| 6. ਦੇਵਗੰਧਾਰੀ | – | 489 |
| | (ੳ) ਦੇਵਗੰਧਾਰ (15) | 531 |
| 7. ਬਿਹਾਗੜਾ | – | 537 |
| 8. ਵਡਹੰਸ | – | 557 |
| | (ੳ) ਵਡਹੰਸ ਦਖਣੀ(16) | 580 |
| 9. ਸੋਰਠਿ | – | 595 |
| 10. ਧਨਾਸਰੀ | – | 13/660 |
| 11. ਜੈਤਸਰੀ | – | 696 |
| 12. ਟੋਡੀ | – | 711 |
| 13. ਬੈਰਾੜੀ | – | 719 |
| 14. ਤਿਲੰਗ | – | 721 |
| | (ੳ) ਤਿਲੰਗ ਕਾਫੀ (17) | 726 |
| 15. ਸੂਹੀ | – | 728 |
| | (ੳ) ਸੂਹੀ ਕਾਫੀ (18) | 751 |
| | (ਅ) ਸੂਹੀ ਲਲਿਤ (19) | 793 |

| | | |
|---|---|---|
| 16. ਬਿਲਾਵਲੁ | - | 794 |
| | (ੳ)ਬਿਲਾਵਲੁ ਦੱਖਣੀ(20) | 843 |
| | (ਅ)ਬਿਲਾਵਲੁ ਮੰਗਲ(21) | 844 |
| 17. ਗੌਂਡ | - | 859 |
| | (ੳ) ਬਿਲਾਵਲ ਗੌਂਡ(22) | 874 |
| 18. ਰਾਮਕਲੀ | - | 876 |
| | (ੳ)ਰਾਮਕਲੀ ਦੱਖਣੀ(23) | 907 |
| 19. ਨਟ ਨਾਰਾਇਣ | - | 975 |
| | (ੳ) ਨਟ (24) | 975 |
| 20 ਮਾਲੀਗਉੜਾ | - | 984 |
| 21. ਮਾਰੂ | - | |
| | (ੳ) ਮਾਰੂ ਕਾਫੀ (25) | 1014 |
| | (ਅ) ਮਾਰੂ ਦੱਖਣੀ (26) | 1033 |
| 22. ਤੁਖਾਰੀ | - | 1107 |
| 23. ਕੇਦਾਰਾ | - | 1118 |
| 24. ਭੈਰਉ | - | 1125 |
| 25. ਬਸੰਤ | - | 1168 |
| | (ੳ) ਬਸੰਤ ਹਿੰਡੋਲ(27) | 1171 |
| 26. ਸਾਰੰਗ | - | 1197 |
| 27. ਮਲ੍ਹਾਰ | - | 1154 |
| 28. ਕਾਨੜਾ | - | 1294 |
| 29. ਕਲਿਆਣ | | 1319 |
| | (ੳ) ਕਲਿਆਣ ਭੋਪਾਲੀ (28) | 132 |
| 30. ਪ੍ਰਭਾਤੀ | | |
| | (ੳ)ਪ੍ਰਭਾਤੀ ਬਿਭਾਸ(29) | 1327 |
| | (ਅ)ਪ੍ਰਭਾਤੀ ਦਖਣੀ(30) | 1343 |
| | (ੲ)ਬਿਭਾਸ ਪ੍ਰਭਾਤੀ(31) | 1347 |
| 31. ਜੈਜਾਵੰਤੀ | - | 1352 |

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਅਧੀਨ ਪ੍ਰਯੁਕਤ ਰਾਗਾਂ ਦੇ ਭਿੰਨ-ਭਿੰਨ ਵਿਵਿਧ ਰੂਪ ਵਿਵਹਾਰਕ ਰੂਪ ਵਿਚ ਪ੍ਰਚਲਿੱਤ ਹਨ। ਇਨ੍ਹਾਂ ਰਾਗਾਂ ਵਿਚੋਂ ਕਈ ਰਾਗ ਭਾਰਤੀ ਜਾਂ ਹਿੰਦੁਸਤਾਨੀ ਸੰਗੀਤ ਪ੍ਰਚਾਰ ਅਧੀਨ ਨਹੀਂ। ਇਸ ਦੇ ਕੁਝ ਉਦਾਹਰਣ ਰਾਗ ਮਾਝ, ਤੁਖਾਰੀ, ਗਉੜੀ ਅਤੇ ਕੁਝ ਰਾਗਾਂ ਦੇ ਮਿਸ਼ਰਤ ਪ੍ਰਕਾਰ ਹਨ। ਗਉੜੀ ਰਾਗ ਦੇ ਮਿਸ਼ਰਤ ਪ੍ਰਕਾਰ ਰਾਗ ਗਉੜੀ ਮਾਲਾ, ਰਾਗ ਗਉੜੀ ਮਾਝ ਸਮੇਤ ਕਈ ਹੋਰ ਆਪਣੇ ਆਪ ਵਿਚ ਨਿਵੇਕਲੇ ਅਤੇ ਅਪ੍ਰਚੱਲਿਤ ਰਾਗ ਪ੍ਰਕਾਰ ਹਨ।

**2. ਬਾਣੀ ਰੂਪ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਸਨਾਤਨੀ ਤੇ ਦੇਸੀ ਕਾਵਿ ਰੂਪਾਂ ਦੀ ਸ਼ਾਬਦਿਕ ਕਾਇਆ ਵਿਚ ਅੰਕਿਤ ਹੈ। ਇਨ੍ਹਾਂ ਬਾਣੀ ਰੂਪਾਂ ਨੂੰ ਵੱਖ ਵੱਖ ਰਾਗਾਂ ਅਧੀਨ ਸੰਕਲਤ ਕੀਤਾ ਗਿਆ ਹੈ। ਰਾਗਾਂ ਵਿਚ ਪਹਿਲਾਂ ਗੁਰੂ ਸਾਹਿਬਾਨ ਤੇ ਬਾਅਦ ਵਿਚ ਸੰਤਾਂ, ਭਗਤਾਂ ਤੇ ਹੋਰ ਬਾਣੀਕਾਰਾਂ ਦੀ ਬਾਣੀ ਦਰਜ ਹੈ। ਇਸ ਤਰਤੀਬ ਵਿਚ ਪਹਿਲਾਂ ਸਨਾਤਨੀ ਬਾਣੀ ਰੂਪ ਦੇ ਬਾਅਦ ਵਿਚ ਦੇਸੀ ਬਾਣੀ ਰੂਪਾਂ ਦਾ ਕ੍ਰਮ ਰੱਖਿਆ ਗਿਆ ਹੈ। ਬਾਣੀ ਦੇ ਇਹ ਕਾਵਿ ਰੂਪ ਕੇਵਲ ਕਾਵਿਕ ਜਾਮੇ ਵਿਚ ਹੀ ਨਹੀਂ ਸਗੋਂ ਵਿਭਿੰਨ ਸਿਰਲੇਖਾਂ ਸੰਕੇਤਾਂ ਦੁਆਰਾ ਇਨ੍ਹਾਂ ਦਾ ਨਿਰਧਾਰਣ ਸੰਗੀਤਮਈ ਵਿਧੀ ਦੁਆਰਾ ਕੀਤਾ ਗਿਆ ਹੈ। ਕਿਉਂ ਜੋ ਅਸਟਪਦੀਆਂ ਨੂੰ 'ਪ੍ਰਬੰਧ ਗਾਇਨ' ਰਚਨਾਵਾਂ ਵਜੋਂ, ਪਦ ਰਚਨਾਵਾਂ ਨੂੰ 'ਧਰਪੁਦ' ਰਚਨਾ ਵਜੋਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਸੰਗੀਤਕ ਸ਼ੈਲੀ ਵਜੋਂ ਪੜਤਾਲ ਰਚਨਾਵਾਂ ਨੂੰ ਅੰਕਿਤ ਕੀਤਾ ਗਿਆ ਹੈ। ਵਾਰਾਂ, ਛੰਤ, ਅਲਾਹੁਣੀਆਂ, ਘੋੜੀਆਂ ਆਦਿ ਵਰਗੇ ਦੇਸੀ ਬਾਣੀ ਰੂਪਾਂ ਨੂੰ ਦੇਸੀ ਰਾਗਾਂ ਅਧੀਨ ਨਿਰਧਾਰਤ ਕਰਦਿਆਂ ਵਿਭਿੰਨ ਸਿਰਲੇਖਾਂ, ਸੰਕੇਤਾਂ ਦੁਆਰਾ ਵਿਸ਼ਸ਼ਟ ਗੁਰਮਤਿ ਸੰਗੀਤ ਰਚਨਾਵਾਂ ਵਜੋਂ ਸਰੂਪਤ ਕੀਤਾ ਗਿਆ ਹੈ। ਇਹ ਸਨਾਤਨੀ ਤੇ ਦੇਸੀ ਬਾਣੀ ਰੂਪ ਇਸ ਸੰਗੀਤਕ ਸੰਕਲਨ ਵਿਚ ਕੇਵਲ ਲਿਖਤ ਮਾਤਰ ਹੀ ਨਹੀਂ ਸਗੋਂ ਇਨ੍ਹਾਂ ਦਾ ਵਿਵਹਾਰਕ ਪ੍ਰਚੱਲਨ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਦਾ ਅਨਿਖੜ ਅੰਗ ਹੈ। ਉਦਾਹਰਣ ਵਜੋਂ ਗੁਰਮਤਿ ਸੰਗੀਤ ਦੀਆਂ ਵੱਖ ਵੱਖ ਰਾਗਾਤਮਕ ਕੀਰਤਨ ਚੌਕੀਆਂ ਦੇ ਵੱਖ ਵੱਖ ਸੰਗੀਤਕ ਚਰਣਾ ਵਿਚ ਇਨ੍ਹਾਂ ਦਾ ਸੰਗੀਤਕ ਰੂਪ ਵੇਖਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਦੇਸੀ ਬਾਣੀ ਰੂਪਾਂ ਨੂੰ ਵੱਖ ਵੱਖ ਰਾਗਾਂ ਅਧੀਨ ਨਿਬੱਧ ਕਰਦਿਆਂ ਗੁਰ ਗ੍ਰੰਥ ਸਾਹਿਬ ਵਿਚ ਅੰਕਿਤ 22 ਵਾਰਾਂ ਨੂੰ ਉਨ੍ਹਾਂ ਦੀ ਮੂਲ ਕਾਵਿਕ ਤੇ ਸੰਗੀਤਕ ਬਹਿਰ ਦੀਆਂ ਪੂਰਵ ਪ੍ਰਚੱਲਿਤ ਲੋਕ ਸੰਗੀਤਕ 9 ਧੁਨੀਆਂ[7] ਦੁਆਰਾ ਨਿਰਦੇਸ਼ਤ ਕੀਤਾ ਗਿਆ ਹੈ। ਜਿਨ੍ਹਾਂ ਨੂੰ ਅਸੀਂ

7. ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ। ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ। ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ। (ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ ਭਾਗ ਤੀਜਾ, ਪੰਨਾ 9)

ਅਗਾਂਹ ਵਿਚਾਰਾਗੇ।

3. ਸੰਗੀਤ ਸੰਕੇਤ: ਰਾਗ ਤੇ ਬਾਣੀ ਰੂਪਾਂ ਦੇ ਸਿਰਲੇਖਾਂ ਤੋਂ ਬਿਨਾਂ ਬਾਣੀ ਵਿਧਾਨ ਦੇ ਅੰਤਰਗਤ ਕਈ ਹੋਰ ਮਹੱਤਵਪੂਰਨ ਸੰਕੇਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਬਾਣੀ ਦੇ ਸੰਗੀਤਮਈ ਸੰਕਲਨ ਵਿਧੀ ਅਨੁਸਾਰ ਇਨ੍ਹਾਂ ਦਾ ਬਾਣੀ ਦੇ ਸੰਗੀਤ ਵਿਧਾਨ ਭਾਵ ਸ਼ਬਦ ਕੀਰਤਨ ਅਤੇ ਬਾਣੀ ਦੇ ਅਧਿਐਨ ਤੇ ਅਧਿਆਪਨ ਲਈ ਵਿਸ਼ੇਸ਼ ਮਹੱਤਵ ਹੈ। ਇਸ ਲਈ ਇਨ੍ਹਾਂ ਨੂੰ ਸਹੀ ਰੂਪ ਵਿਚ ਵਿਸ਼ਲੇਸ਼ਤ ਕਰਦਿਆਂ ਪਛਾਣ ਕਰਨੀ ਬੁਨਿਆਦੀ ਤੌਰ ਤੇ ਜ਼ਰੂਰੀ ਹੈ।

ਰਹਾਉ : ਬਾਣੀ ਰਚਨਾ ਦੇ ਪ੍ਰਸੰਗ ਵਿਚ ਰਹਾਉ ਕੇਂਦਰੀ ਇਕਾਈ ਹੈ। 'ਰਹਾਉ' ਸ਼ਬਦ ਰਚਨਾ ਦੇ ਕੇਂਦਰੀ ਭਾਵ ਵਾਲੀਆਂ ਪੰਕਤੀਆਂ ਹੁੰਦੀਆਂ ਹਨ ਕਿਸੇ ਸੰਗੀਤ ਰਚਨਾ ਵਿਚ ਰਹਾਓ ਨੂੰ ਸਥਾਈ ਵਜੋਂ ਗ੍ਰਹਿਣ ਕਰਦਿਆਂ ਸੰਬੰਧਤ ਤੁਕਾਂ ਨੂੰ ਗਾਇਨ ਹਿਤ 'ਸਥਾਈ' ਬਣਾਇਆ ਜਾਂਦਾ ਹੈ ਅਤੇ ਬਾਕੀ ਦੀਆਂ ਅੰਕਾਂ ਨਾਲ ਵਿਭੂਸ਼ਤ ਤੁਕਾਂ ਨੂੰ ਵੱਖ ਵੱਖ ਅੰਤਰਿਆਂ ਦੇ ਰੂਪ ਵਿਚ ਗਾਇਆ ਜਾਂਦਾ ਹੈ ਪ੍ਰਬੰਧ ਤੇ ਪਦ ਰਚਨਾਵਾਂ ਦਾ ਇਕ ਧਾਤੂ 'ਧਰੁਵ' ਰੂਪ ਭਾਵ ਅਚਲ ਜਾਂ ਸਥਾਈ ਵਜੋਂ ਨਿਰਧਾਰਤ ਕਰਕੇ ਗਾਉਣ ਦੀ ਭਾਰਤੀ ਪਰੰਪਰਾ ਰਹੀ ਹੈ। ਧਰੁਪਦ ਸੰਗੀਤ ਰਚਨਾ ਵਿਚ ਧਰੁਵ+ਪਦ ਇਸੇ ਦਾ ਹੀ ਰੂਪ ਹੈ। ਇਸੇ ਸੰਗੀਤਕ ਪਰੰਪਰਾ ਦਾ ਪ੍ਰਤੱਖ ਰੂਪ ਗੁਰ ਗ੍ਰੰਥ ਸਾਹਿਬ ਵਿਚ ਵੇਖਿਆ ਜਾ ਸਕਦਾ ਹੈ। ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਭਾਵ ਪਰਿਵਰਤਨ ਹੋ ਜਾਣ ਉੱਤੇ ਰਹਾਓ ਭਾਵ ਸਥਾਈ ਦੇ ਪਰਿਵਰਤਨ ਦੀ ਪ੍ਰਥਾ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਤੋਂ ਵਧੀਕ ਰਹਾਉ ਪ੍ਰਯੋਗ ਕੀਤੇ ਗਏ ਹਨ।[8] ਜਿਸ ਅਧੀਨ ਰਹਾਉ ਤੋਂ ਬਿਨਾਂ ਹੋਰ ਪੰਕਤੀਆਂ ਨੂੰ ਸਥਾਈ ਬਣਾ ਕੇ ਗਾਉਣ ਨਾਲ ਸਹੀ ਅਰਥ ਗ੍ਰਹਿਣ ਨਹੀਂ ਕੀਤੇ ਜਾ ਸਕਦੇ।

ਸਿਰੀ ਰਾਗ ਮਹਲਾ ੧ ਘਰ ੫

*ਅਛਲ ਛਲਾਈ ਨਹ ਛਲੈ*
*ਨਹ ਘਾਉ ਕਟਾਰਾ ਕਰਿ ਸਕੈ॥*
*ਜਿਉ ਸਾਹਿਬੁ ਰਾਖੈ ਤਿਉ ਰਹੈ*
*ਇਸੁ ਲੋਭੀ ਕਾ ਜੀਉ ਟਲ ਪਲੈ॥੧॥*
*ਬਿਨੁ ਤੇਲ ਦੀਵਾ ਕਿਉ ਜਲੈ॥੧॥*
*ਪੋਥੀ ਪੁਰਾਣ ਕਮਾਈਐ॥*
*ਭਉ ਵਟੀ ਇਤੁ ਤਨਿ ਪਾਈਐ॥*
*ਸਚੁ ਬੂਝਣੁ ਆਣਿ ਜਲਾਈਐ॥੨॥*
*ਇਹ ਤੇਲ ਦੀਵਾ ਇਉ ਜਲੈ॥*
*ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ ਰਹਾਉ॥*
*ਇਤੁ ਤਨਿ ਲਾਗੈ ਬਾਣੀਆ॥*
*ਸੁਖੁ ਹੋਵੈ ਸੇਵ ਕਮਾਣੀਆ॥*
*ਸਭ ਦੁਨੀਆ ਆਵਣ ਜਾਣੀਐ।*
*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥*

ਮਾਝ ਮਹਲਾ ੫ ਚਉਪਦੇ ਘਰ੧

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨਾ ਉਤਰੈ ਸਾਂਤਿ ਨਾ ਆਵੇ*
*ਬਿਨੁ ਦਰਸਨ ਸੰਤ ਪਿਆਰੇ ਜੀਉ॥੧॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥*
*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ॥*
*ਧੰਨ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ॥੨॥*
*ਹਉ ਘੋਲੀ ਹਉ ਘੋਲਿ ਘੁਮਈ*
*ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥*
*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨਾ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ॥ ਰਹਾਉ॥*
*ਭਾਗੁ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*
*ਸੇਵ ਕਰੀ ਪਲੁ ਚਸ ਨਾ ਵਿਛੁੜਾ*
*ਜਨ ਨਾਨਕ ਦਾਸ ਤੁਮਾਰੇ ਜੀਉ॥੪॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਜਨ ਨਾਨਕ ਦਾਸ ਤਮਾਰੇ ਜੀਉ॥ ਰਹਾਉ॥੧॥*

(ਗੁ. ਗ੍ਰੰ., ਪੰਨਾ ੯੬)

ਅੰਕ : ਅੰਕ ਕਿਸੇ ਸ਼ਬਦ ਰਚਨਾ ਦੀ ਸ਼ੈਲੀ ਸਰੂਪਤ ਕਰਨ ਵਿਚ ਸਹਾਈ ਹੁੰਦੇ ਹਨ ਜਿਵੇਂ ੧ ਤੋਂ ੮ ਅੰਕ ਅਸ਼ਟਪਦੀ, ੧ ਤੋਂ ੩ ਅੰਕ ਤਿਪਦੇ, ੧ ਤੋਂ ੪ ਅੰਕ

8. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 25, 26, 96, 97, 154 ਅਤੇ ਹੋਰ।

ਚਉਪਦੇ ੧ ਤੋਂ ੧੬ ਸੋਹਲੇ ਆਦਿ। ਸੰਗੀਤਕ ਪ੍ਰਯੋਗ ਵਿਚ ਇਹੀ ਅੰਕ ਸਥਾਈ ਰੂਪ ਵਿਚ ਗਾਇਨ ਕੀਤੀਆਂ ਜਾਣ ਵਾਲੀਆਂ 'ਰਹਾਉ' ਦੀਆਂ ਪੰਕਤੀਆਂ ਦੇ ਕ੍ਰਮਵਾਰ 'ਅੰਤਰੇ' ਬਣਦੇ ਹਨ। ਇਨ੍ਹਾਂ ਅੰਤਰਿਆਂ ਵਿਚ 'ਰਹਾਉ' ਵਿਚਲੇ ਕੇਂਦਰੀ ਭਾਵ ਨੂੰ ਦ੍ਰਿੜਾਉਣ ਲਈ ਉਦਾਹਰਣਾਂ, ਦਲੀਲਾਂ ਤੇ ਹੋਰ ਵਿਸਥਾਰ ਨਿਹਿਤ ਹੁੰਦਾ ਹੈ। ਗੁਰਮਤਿ ਸੰਗੀਤ ਵਿਧਾਨ ਅਨੁਸਾਰ ਅੰਕਾਂ ਅਨੁਸਾਰ ਨਿਬੱਧ ਇਨ੍ਹਾਂ ਪੰਕਤੀਆਂ ਦਾ ਅਧੂਰਾ ਜਾਂ ਬੇਤਰਤੀਬਾ ਉਚਾਰਣ 'ਰਹਾਉ' ਵਿਚ ਅੰਕਿਤ ਕੇਂਦਰੀ ਭਾਵ ਤੋਂ ਦੂਰ ਲੈ ਜਾਂਦਾ ਹੈ। ਜਿਸ ਨਾਲ ਸ਼ਬਦ ਰਚਨਾ ਦੇ ਮੂਲ ਸੰਦੇਸ਼ ਦੀ ਪ੍ਰਾਪਤੀ ਸੰਭਵ ਨਹੀਂ।

**ਘਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਘਰੁ' ਦਾ ਸੰਕੇਤ ਪਰਮਾਣਿਕ ਪਰਿਭਾਸ਼ਾ ਹਿਤ ਵਿਦਵਾਨ ਵਿਚਾਰਕਾਂ ਲਈ ਰਹੱਸ ਹੈ। ਬਾਣੀ ਵਿਚ ਘਰੁ ੧, ਘਰੁ ੨, ਘਰੁ ੩, ਆਦਿ ਰੂਪ ਵਿਚ ਘਰੁ ੨੧ ਤੱਕ ਦਾ ਪ੍ਰਯੋਗ ਕੀਤਾ ਗਿਆ ਹੈ। ਸੰਗੀਤਕ ਦ੍ਰਿਸ਼ਟੀ ਤੋਂ ਇਸਨੂੰ ਤਾਲ, ਸੁਰ-ਮੂਰਛਨਾ ਦੇ ਭੇਦ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ। ਤਾਲ ਦੀ ਪਰਿਭਾਸ਼ਾ ਅਧੀਨ ਇਸਨੂੰ ਇਰਾਨੀ ਤਾਲ ਪੱਧਤੀ ਦੀ 'ਗਾਹ ਪ੍ਰਣਾਲੀ' ਅਤੇ ਅਮੀਰ ਖੁਸਰੋ ਦੁਆਰਾ ਫਾਰਸੀ ਬਹਿਰ ਤੋਂ ਵਿਕਸਤ 17 ਤਾਲਾਂ ਦੇ ਨਾਲ ਜੋੜਿਆ ਜਾਂਦਾ ਹੈ। ਸੁਰਾਂ ਦਾ ਸਥਿਰ ਸਪਤਕ ਹੋਂਦ ਵਿਚ ਆਉਣ ਨਾਲ ਮੂਰਛਨਾ ਪੱਧਤੀ ਅਲੋਪ ਹੋ ਗਈ ਜਿਸ ਕਾਰਨ ਵਰਤਮਾਨ ਸੰਦਰਭ ਵਿਚ ਇਸਨੂੰ ਸਮਝਣਾ ਕਠਿਨ ਹੈ। ਫਿਲਹਾਲ 'ਘਰੁ' ਸਬੰਧੀ ਪ੍ਰਮਾਣਿਕ ਖੋਜ ਸਾਡੇ ਸਾਰਿਆਂ ਲਈ ਚਣੌਤੀ ਹੈ।

**ਜਤਿ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਜਤਿ' ਦੇ ਨਾਮ ਦੇ ਰਾਗ ਬਿਲਾਵਲ ਅਧੀਨ ਇਕ ਸਿਰਲੇਖ ਅੰਕਿਤ ਹੈ। ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ। ਜਤਿ ਜੋ ਭਾਰਤੀ ਸੰਗੀਤ ਵਿਚ ਯਾਤਿ ਦੇ ਨਾਮ ਤੋਜ਼ ਪ੍ਰਚੱਲਿਤ ਹੈ ਤੋਜ਼ ਇਹ ਭਾਵ ਹੈ ਕਿ ਨਿਰੰਤਰ ਚਾਲ ਵਿਚ ਠਹਿਰਾਵ ਦੀਆਂ ਅਵਸਥਾਵਾਂ। ਇਸ ਸਬੰਧ ਵਿਚ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, 'ਸੰਗੀਤ ਦੀ ਧਾਰਨਾ ਦਾ ਨਾਉਂ ਜਤਿ ਹੈ।' ਡਾ. ਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੈ ਵਿਚ ਲਿਖਿਆ ਹੈ 'ਜਤਿ, ਗਤਿ, ਸਪਥ, ਇਹ ਤਿੰਨੇ ਜੋੜੀ ਕਰਤਬ ਹਨ ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਅਤੇ ਖੱਬਾ ਹੱਥ ਵਾਕਰ ਖੁੱਲ੍ਹਾ ਵਜਾਏ ਤਾਂ ਉਸ ਨੂੰ ਜਤਿ ਕਹਿੰਦੇ ਹਨ। ਜਦੋਂ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁੱਲ੍ਹੀ ਨਿਕਲੇ ਜਿਸਨੂੰ ਕੜਕਟ ਕਹਿੰਦੇ ਹਨ ਤਾਂ ਉਸ ਦੀ ਸੰਗਯਾ ਸਾਥ ਹੁੰਦੀ ਹੈ। ਇਸੇ ਤਰ੍ਹਾਂ ਜਤਿ ਦਾ ਸਬੰਧ ਜੋੜੀ ਵਜਾਉਣ ਦੀ ਗਤਿ ਤੋਂ ਹੈ। ਉਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਮੱਧਕਾਲ ਵਿਚ ਜੋੜੀ ਦੇ ਬੰਦ ਬੋਲਾਂ ਦਾ ਪ੍ਰਚੱਲਨ ਹੋ ਚੁੱਕਾ ਸੀ। ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਵੀ ਇਸ ਸਬੰਧ ਵਿਚ ਸਹੀ ਜਾਪਦਾ ਹੈ। ਵਰਤਮਾਨ ਸੰਗੀਤਚਾਰੀਆ ਜਤਿ ਨੂੰ ਪਰਿਭਾਸ਼ਤ ਕਰਦਿਆਂ ਦੱਸਦੇ ਹਨ ਕਿ ਜੋੜੀ ਉੱਤੇ ਸੱਜਾ ਹੱਥ ਖੁੱਲ੍ਹਾ ਬੋਲ ਵਜਾਏ ਅਤੇ ਖੱਬਾ ਹੱਥ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਤਿ ਦਾ ਨਾਮ ਦਿੱਤਾ ਜਾਂਦਾ ਹੈ। ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਿਰਲੇਖ ਤੋਂ ਭਾਵ ਹੈ ਕਿ ਰਾਗ ਬਿਲਾਵਲ ਅਧੀਨ, ਥਿਤੀ ਦੇ ਵਿਸ਼ਿਸ਼ਟ ਵਿਸ਼ਰਾਮਾਂ ਨੂੰ ਧਿਆਨ ਵਿਚ ਰੱਖਦੇ ਹੋਏ ਦੱਸਵੇਂ ਘਰ ਦੀ ਲੋਅ ਵਿਚ ਜਤਿ ਅੰਗ ਤੋਂ ਇਸ ਸ਼ਬਦ ਦਾ ਗਾਇਨ ਕਰਨਾ ਹੈ। ਜਤਿ ਦਾ ਸਬੰਧ ਤਾਲ ਵਾਦਨ ਨਾਲ ਹੈ ਇਸਨੂੰ 'ਬਿਲਾਵਲ ਮਹਲਾ ੧ ਘਰੁ ੧੦ ਜਤਿ' ਸਿਰਲੇਖ ਵਜੋਂ ਅੰਕਤ ਕੀਤਾ ਗਿਆ ਹੈ। ਜਤਿ ਤੋਂ ਭਾਵ ਜਦੋਂ ਸੱਜਾ ਹੱਥ ਗਤਿ ਦੇ ਬੋਲ ਵਜਾਏ ਅਤੇ ਖੱਬਾ ਹੱਥ ਖੁਲ੍ਹੇ ਬੋਲਾਂ ਦਾ ਵਾਦਨ ਕਰੇ।[9]

**ਧੁਨੀ :** ਵੱਖ ਵੱਖ ਵਾਰਾਂ ਉੱਤੇ ਦਿੱਤੇ ਗਏ ਧੁਨੀਆਂ ਦੇ ਸਿਰਲੇਖ ਪ੍ਰਚੱਲਿਤ ਵਾਰਾਂ ਦੀ ਕਾਵਿ ਸੰਰਚਨਾ ਤੋਂ ਇਲਾਵਾ ਇਨ੍ਹਾਂ ਦੇ ਗਾਇਨ ਵਿਧਾਨ ਅਤੇ ਨਿਰਧਾਰਤ ਰਾਗਾਂ ਨਾਲ ਇਨ੍ਹਾਂ ਦੀ ਸੁਰਾਤਮਕ ਸਾਂਝ ਦਾ ਪ੍ਰਤੀਕ ਹਨ। ਧੁਨੀਆਂ ਦੇ ਇਹ ਸਿਰਲੇਖ ਇਸ ਪ੍ਰਕਾਰ ਹਨ :

1. ਵਾਰ ਮਾਝ ਕੀ ਤਥਾ ਸਲੋਕ ਮਹਲਾ ੧
   *ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ*
   *ਕੀ ਧੁਨੀ ਗਾਵਣੀ॥* (ਗੁ. ਗ੍ਰੰ: ਪੰਨਾ ੧੩੭)
2. ਗਉੜੀ ਕੀ ਵਾਰ ਮਹਲਾ ੫
   *ਰਾਇ ਕਮਾਲਦੀ ਮੋਜਦੀ ਕੀ ਵਾਰ*
   *ਕੀ ਧੁਨਿ ਉਪਰਿ ਗਾਵਣੀ॥* (ਗੁ. ਗ੍ਰੰ: ਪੰਨਾ ੩੧੮)
3. ਆਸਾ ਮਹਲਾ ੧ ਵਾਰ ਸਲੋਕਾਂ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ
   *ਟੁੰਡੇ ਅਸ ਰਾਜੈ ਕੀ ਧੁਨੀ॥* (ਗੁ. ਗ੍ਰੰ: ਪੰਨਾ ੪੬੨)
4. ਗੂਜਰੀ ਕੀ ਵਾਰ ਮਹਲਾ ੩
   *ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ॥*

9. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਛੇਵੀਂ) ਪੰਨਾ 229

(ਗੁ. ਗ੍ਰੰਥ: ਪੰਨਾ ੫੦੮)

5. ਵਡਹੰਸ ਕੀ ਵਾਰ ਮਹਲਾ ੪
   *ਲਲਾ ਬਹਲੀਮਾ ਕੀ ਧੁਨਿ ਗਾਵਣੀ॥* (ਗੁ. ਗ੍ਰੰ: ੫੮੫)
6. ਰਾਮਕਲੀ ਕੀ ਵਾਰ ਮਹਲਾ ੩
   *ਜੋਧੈ ਵੀਰੈ ਪੂਰਬਾਣੀ ਕੀ ਧੁਨੀ॥* (ਗੁ. ਗ੍ਰੰ: ਪੰਨਾ ੯੪੭)
7. ਸਾਰੰਗ ਕੀ ਵਾਰ ਮਹਲਾ ੪
   *ਰਾਇ ਮਹਮੇ ਹਸਨੇ ਕੀ ਧੁਨਿ॥* (ਗੁ. ਗ੍ਰੰ: ਪੰਨਾ ੧੨੩੭)
8. ਵਾਰ ਮਲ੍ਹਾਰ ਕੀ ਮਹਲਾ ੪
   *ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ॥*
   (ਗੁ. ਗ੍ਰੰ: ਪੰਨਾ ੧੨੭੮)
9. ਕਾਨੜੇ ਕੀ ਵਾਰ ਮਹਲਾ ੪
   *ਮੂਸੇ ਕੀ ਵਾਰ ਕੀ ਧੁਨੀ॥* (ਗੁ. ਗ੍ਰੰ: ਪੰਨਾ ੧੩੧੨)

ਉਕਤ ਧੁਨੀ ਸਿਰਲੇਖ ਉੱਤਰੀ ਭਾਰਤੀ ਖਿੱਤੇ ਦੇ ਲੋਕ ਨਾਇਕਾਂ ਦੀ ਬਹਾਦਰੀ ਹਿਤਵਾਰ ਗਾਇਨ ਲਈ ਪ੍ਰਯੋਗ ਕੀਤੀ ਜਾਂਦੀ ਸੰਗੀਤਕ ਗਾਇਨ ਵਿਧਾ 'ਵਾਰ' ਦੀ ਵਿਸ਼ਿਸ਼ਟ ਸੰਗੀਤ ਨਿਧੀ ਹੈ। ਗੁਰਬਾਣੀ ਵਿਚਲੇ ਇਹਨਾਂ ਦੇ ਮਹੱਤਵ ਤੋਂ ਬਿਨਾਂ ਹਿੰਦੁਸਤਾਨੀ ਸੰਗੀਤ ਲਈ ਇਸ ਦਾ ਵਿਸ਼ੇਸ਼ ਮਹੱਤਵ ਹੈ। ਭਾਰਤੀ ਸੰਗੀਤ ਦੀ ਹਿੰਦੁਸਤਾਨੀ ਤੇ ਕਰਨਾਟਕੀ ਸੰਗੀਤ ਪੱਧਤੀਆਂ ਦੇ ਸਰੂਪ ਵਿਚ ਵੰਡ ਦੇ ਸੰਦਰਭ ਨੂੰ ਇਹ ਸਿਰਲੇਖ ਇਕ ਨਵਾਂ ਸੂਤਰ ਵੀ ਪ੍ਰਦਾਨ ਕਰ ਰਹੇ ਹਨ। ਉੱਤਰੀ ਭਾਰਤੀ ਸੰਗੀਤ ਦੇ ਧਰਾਤਲ ਵਿਚ ਉੱਤਰੀ ਭਾਰਤੀ ਲੋਕ ਸੰਗੀਤ ਪਰੰਪਰਾ ਅਤੇ ਇਸਦੇ ਕੇਂਦਰਕਾਰੀ ਸਰੋਤ ਵਜੋਂ ਪੰਜਾਬ ਦੀ ਸੰਗੀਤ ਪਰੰਪਰਾ ਵਿਦਮਾਨ ਹੋਣ ਦਾ ਇਕ ਪ੍ਰਤੱਖ ਪ੍ਰਮਾਣ ਇਹ ਵਾਰਾਂ ਅਤੇ ਇਹਨਾਂ ਧੁਨੀਆਂ ਦਾ ਪ੍ਰਚੱਲਨ ਹੈ। ਗੁਰੂ ਸਾਹਿਬਾਨ ਨੇ ਆਪਣੀਆਂ ਵਾਰਾਂ ਦੀ ਸੰਗੀਤਕ ਸੰਰਚਨਾ ਲਈ ਗਾਉਣ ਹਿੱਤ ਇਨ੍ਹਾਂ ਵਾਰ-ਧੁਨੀਆਂ ਦੇ ਨਿਰਦੇਸ਼ ਦੇ ਕੇ ਸੰਗੀਤ ਜਗਤ ਵਿਚਲੇ ਇਨ੍ਹਾਂ ਦੇ ਅਮਰਤਵ ਸ਼ਾਸਤਰੀ (classical) ਸਰੂਪ ਨੂੰ ਪਰਮਾਣਿਕਤਾ ਪ੍ਰਦਾਨ ਕੀਤੀ ਹੈ। ਗੁਰੂ ਕਾਲ ਤੋਂ ਸਦੀਆਂ ਪਹਿਲਾਂ ਤੱਕ ਇਹ ਵਾਰਾਂ ਉੱਤਰੀ ਭਾਰਤੀ ਸੰਗੀਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸੰਗੀਤ ਵਿਚ ਵਿਸ਼ੇਸ਼ ਪ੍ਰਚੱਲਨ ਅਤੇ ਲੋਕਪ੍ਰਿਯਤਾ ਰੱਖਦੀਆਂ ਹੋਣਗੀਆਂ ਜਿਹਨਾਂ ਨੂੰ ਵਾਰ ਗਾਇਨ, ਪੰਜਾਬ ਦੀ ਢਾਡੀ ਪਰੰਪਰਾ ਦੇ ਪ੍ਰਸੰਗ ਵਿਚ ਸੁਤੰਤਰ ਤੌਰ ਤੇ ਵਾਚ ਕੇ ਨਵੀਨ ਖੋਜ ਦੇ ਆਧਾਰ ਵਜੋਂ ਅਪਣਾਇਆ ਜਾ ਸਕਦਾ ਹੈ।

ਉਕਤ ਪ੍ਰਕ੍ਰਿਆ ਵਿਚ ਵਾਰ, ਧੁਨਿ/ਧੁਨੀ ਅਤੇ ਰਾਗ ਜੋ ਸੰਗੀਤ ਦੀਆਂ ਵੱਖੋਂ ਵੱਖਰੀਆਂ ਇਕਾਈਆਂ ਹਨ, ਦਾ ਸੰਯੁਕਤ ਰੂਪ ਵਿਚ ਅੰਕਣ ਗੁਰੂ ਸਾਹਿਬਾਨ ਦੇ ਨਿਵੇਕਲੇ ਪ੍ਰਯੋਗ ਦਾ ਲਖਾਇਕ ਹੈ। ਸ਼ਾਸਤਰੀ ਅਤੇ ਲੋਕ ਅੰਗ ਦੇ ਗਾਇਨ ਰੂਪਾਂ ਦਾ ਇਸ ਮੌਲਿਕ ਸੰਗੀਤਕ ਸੰਕਲਨ ਇਕ ਸਪਸ਼ਟ ਉਦਾਹਰਣ ਹੈ ਜਿਸ ਅਧੀਨ ਵਾਰ ਵਰਗੇ ਲੋਕ ਕਾਵਿ-ਰੂਪ ਵਿਚ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕੀਤੀ ਹੈ ਅਤੇ ਵਾਰ ਕਾਵਿ/ਗਾਇਨ ਰੂਪ ਦੇ ਸਭਿਆਚਾਰਕ ਆਧਾਰ ਸਰੋਤਾਂ ਦੇ ਪਰੰਪਰਾਗਤ ਸਰੂਪ ਨੂੰ ਵੀ ਵਿਵਹਾਰਕ ਪ੍ਰਮਾਣਿਕਤਾ ਦਿੱਤੀ ਗਈ ਹੈ. ਨਾਲ ਹੈ ਸਨਾਤਨੀ ਦੇਸੀ ਰਾਗਾਂ ਦੇ ਸੁਰਾਤਮਕ ਪੈਟਰਨ ਭਾਵ ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਰਾਮਕਲੀ, ਸਾਰੰਗ, ਮਲ੍ਹਾਰ, ਕਾਨੜਾ ਵਰਗੇ ਰਾਗਾਂ ਦਾ ਪ੍ਰਯੋਗ ਕਰਦਿਆਂ ਵਾਰ ਗਾਇਨ ਨੂੰ ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦਾ ਅਨੁਸਾਰੀ ਵੀ ਬਣਾਇਆ ਹੈ। ਸਧਾਰਣ ਤੌਰ ਤੇ ਵੱਖ ਵੱਖ ਵਾਰਾਂ ਉੱਤੇ ਧੁਨੀਆਂ ਦੇ ਇਹ ਅੰਕਣ ਅਜੇ ਤੱਕ ਕਿਸੇ ਵਿਗਿਆਨਕ ਵਿਸ਼ਲੇਸ਼ਣ ਦੇ ਧਾਰਨੀ ਨਹੀਂ ਹੋ ਸਕੇ ਇਸ ਲਈ ਗੁਰਮਤਿ ਸੰਗੀਤ ਦੇ ਸਿਧਾਂਤਕ ਪਰਿਪੇਖ ਵਿਚ ਇਹਨਾਂ ਧੁਨਿ/ਧੁਨੀ ਸਿਰਲੇਖਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

ਉਕਤ ਸੰਕੇਤਾਂ ਤੋਂ ਬਿਨਾਂ 'ਸੁਧੰਗ' ਘਰੁ ਦਾ ਸਿਰਲੇਖ ਤੋਂ ਭਾਵ 'ਸ਼ੁੱਧ ਅੰਗ' ਭਾਵ ਸਬੰਧਤ ਰਾਗ ਦਾ 'ਸ਼ੁੱਧ ਅੰਗ' ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੩੬੬ ਉਤੇ ਆਸਾਵਰੀ ਘਰੁ ੧੬ ਦੇ ੨ ਮਹਲਾ ੫ ਸੁਧੰਗ ਦੇ ਰੂਪ ਵਿਚ ਵਰਤਿਆ ਗਿਆ ਹੈ। ਇਸੇ ਤਰ੍ਹਾਂ 'ਘਰੁ' ਸਬੰਧੀ ਰਹੱਏ ਕੈ ਛੰਤ ਕੇ ਘਰੁ, ਪਹਿਰਿਆ ਕੈ ਘਰਿ ਗਾਵਣਾ, ਇਅਨੜੀਐ ਕੈ ਘਰੁ ਗਾਵਣਾ ਆਦਿ ਸਬੰਧਤ ਬਾਣੀ ਨੂੰ ਨਿਰਦੇਸ਼ਤ ਬਾਣੀ ਦੇ 'ਘਰੁ' ਵਿਚ ਗਾਉਣ ਦਾ ਸੰਕੇਤ ਹੈ।

ਸੰਗੀਤਕ ਸੰਕਲਨ ਲਈ ਪ੍ਰਯੋਗ ਕੀਤੇ ਗਏ ਇਨ੍ਹਾਂ ਸਿਰਲੇਖਾਂ ਸੰਕੇਤਾਂ ਤੋਂ ਸਪਸ਼ਟ ਹੈ ਕਿ ਇਨ੍ਹਾਂ ਦੇ ਅੰਕਣ ਦਾ ਦਿਸ਼ਾ ਨਿਰਦੇਸ਼ਨ ਦਾ ਮੰਤਵ ਕੀਰਤਨ ਮੁਖੀ ਭਾਵ ਗਾਇਨ ਮੁਖੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਮੂਲ ਪ੍ਰਯੋਜਨ ਸ਼ਬਦ ਕੀਰਤਨ ਹਿੱਤ ਵਿਸ਼ੇਸ਼ ਸੰਗੀਤ ਵਿਧਾਨ ਦੀ ਸਿਰਜਣਾ ਹੈ। ਇਸ ਸੰਗੀਤ ਵਿਧਾਨ ਦੇ ਇਨ੍ਹਾਂ ਸੰਗੀਤ ਤੱਤਾਂ ਤੇ ਇਕਾਈਆਂ ਦੀ ਕਾਰਜ ਪ੍ਰਕ੍ਰਿਆ ਨੂੰ ਅਸੀਂ ਇਸ ਤਰ੍ਹਾਂ ਸਮਝ ਸਕਦੇ ਹਾਂ।

ਅਗਲੇ ਪੰਨੇ 'ਤੇ ਦਿੱਤੇ ਕਾਰਜ ਪ੍ਰਕ੍ਰਿਆ ਅਨੁਸਾਰ ਸੰਗੀਤਕ ਸੰਕਲਨ ਵਿਚ ਪ੍ਰਯੁਕਤ ਵਿਧਾਨ ਦੇ ਅਨੁਸਾਰ ਕਿਸੇ ਵੀ ਸ਼ਬਦ ਰਚਨਾ ਨੂੰ 'ਰਹਾਉ' ਤੇ 'ਅੰਕਾਂ' ਅਨੁਸਾਰ ਸੰਬੰਧਤ 'ਗਾਇਨ ਸ਼ੈਲੀ' ਤੇ ਨਿਰਧਾਰਤ 'ਰਾਗ' ਤੇ ਨਿਰਦੇਸ਼ਤ 'ਸੰਗੀਤ ਸੰਕੇਤਾਂ' ਅਨੁਸਾਰ ਕੀਰਤਨ ਕਰਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦੀ ਸਹੀ ਪਛਾਣ ਕਰਕੇ




'ਸੰਗੀਤ ਵਿਧਾਨ' ਦਾ ਸਹੀ ਅਨੁਸਰਣ ਤੇ ਪਾਲਣ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਸੰਕਲਨ ਉਤੇ ਕੀਤੀ ਗਈ ਇਸ ਸੰਖੇਪ ਵਿਚਾਰ ਚਰਚਾ ਤੋਂ ਇਸ ਸੰਗੀਤਕ ਪਰੰਪਰਾ ਦਾ ਮੌਲਿਕ ਤੇ ਪ੍ਰਮਾਣਿਕ ਸਰੂਪ ਪ੍ਰਤੱਖ ਹੈ ਜਿਸਦਾ ਵਿਵਹਾਰਕ ਗਾਇਨ ਰੂਪ, ਗੁਰੂ ਘਰ ਦੀ ਕੀਰਤਨ ਪਰੰਪਰਾ ਦੁਆਰਾ ਸਦੀਆਂ ਦਾ ਵਿਕਾਸਾਤਮਕ ਸਫਰ ਤੈਅ ਕਰ ਕੇ ਸਾਡੇ ਤੱਕ ਪਹੁੰਚਿਆ ਹੈ। ਇਸ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਭਿੰਨ ਦ੍ਰਿਸ਼ਟੀਆਂ ਤੋਂ ਅਧਿਐਨ, ਅਧਿਆਪਨ ਤੇ ਵਿਸ਼ਲੇਸ਼ਣ ਸਮੇਂ ਇਸ 'ਸੰਗੀਤਕ ਸੰਕਲਨਾਤਮਕ' ਆਧਾਰਾ ਦਾ ਜਾਣੇ ਅਣਜਾਣੇ ਵਿਚ ਤਿਆਗ, 'ਸਮੁੱਚ' ਵਿਚ ਇਸ ਮਹਾਨ ਗ੍ਰੰਥ ਦੇ ਸੰਦੇਸ਼ ਨੂੰ ਗ੍ਰਹਿਣ ਕਰਨ ਪ੍ਰਤਿ ਵੱਡੀ ਉਕਾਈ ਹੋਵੇਗੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਕਾਦਮਿਕ ਪੱਧਰ ਤੇ ਹੋ ਰਹੀ ਖੋਜ ਅਧਿਐਨ-ਅਧਿਆਪਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰੰਪਰਾਗਤ, ਸੀਨਾ-ਬ-ਸੀਨਾ, ਮੌਖਿਕ, ਟਕਸਾਲੀ ਪਰੰਪਰਾਵਾਂ ਵਿਚ ਅਦਾਨ ਪ੍ਰਦਾਨ ਵੀ ਜ਼ਰੂਰੀ ਹੈ। ਇਸ ਦੁਵੱਲੀ ਸੂਝ ਦੁਆਰਾ ਹੀ ਅਸੀਂ ਬਾਣੀ ਦੇ ਸੰਗੀਤਕ ਸੰਕਲਨ ਅਧੀਨ 'ਕੁੰਜੀ' ਰੂਪ ਵਿਚ ਅੰਕਿਤ ਸੰਗੀਤਕ ਸਿਰਲੇਖਾਂ, ਸੰਕੇਤਾਂ ਨੂੰ ਸਹੀ ਰੂਪ ਵਿਚ ਡੀ ਕੋਡ ਕਰ ਸਕਦੇ ਹਾਂ ਅਤੇ ਨਿਸ਼ਚਤ 'ਬਾਣੀ ਵਿਧਾਨ' ਵਜੋਂ ਹੀ ਇਨ੍ਹਾਂ ਦੀ ਸਮੁੱਚੀ ਕਾਰਜ ਪ੍ਰਕ੍ਰਿਆ ਨੂੰ ਪਛਾਣਨ ਉਪਰੰਤ ਅਧਿਐਨ ਅਤੇ ਵਿਸ਼ਲੇਸ਼ਣ ਦੇ ਪ੍ਰਮਾਣਿਕ ਆਧਾਰ ਗ੍ਰਹਿਣ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਇਸ ਸੰਗੀਤਕ ਸੰਕਲਨ ਦਾ ਪ੍ਰਮਾਣਿਕ ਗਿਆਨ, ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਤੇ ਗੁਰਮਤਿ ਦੇ ਅਧਿਐਨਕਾਰਾਂ ਲਈ ਬੁਨਿਆਦੀ ਤੌਰ 'ਤੇ ਜ਼ਰੂਰੀ ਹੈ।

# ਰਾਗ ਅਤੇ ਸ਼ਬਦ

ਨਰਿੰਦਰ ਕੌਰ : ਲੈਕਚਰਾਰ ਸੰਗੀਤ ਆਵਾਜ਼, ਆਰੀਆ ਕਾਲਜ, ਪਠਾਨਕੋਟ

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਇਕ ਅਜਿਹਾ ਨਿਵੇਕਲਾ ਧਾਰਮਿਕ ਗ੍ਰੰਥ ਹੈ ਜਿਸ ਵਿਚ ਦਰਜ ਹਰੇਕ ਸ਼ਬਦ ਨੂੰ ਇਕ ਖਾਸ ਰਾਗ ਵਿਚ ਰੱਖਿਆ ਗਿਆ ਹੈ। ਹਿੰਦੁਸਤਾਨੀ ਸ਼ਾਸਤਰੀ ਸੰਗੀਤ ਪਰੰਪਰਾ ਜਿਹੜੀ ਸੁਰ ਪ੍ਰਧਾਨ ਹੈ; ਦੇ ਅਨੁਸਾਰ ਹਰ ਸੁਰ ਦਾ ਮਨੁੱਖੀ ਮਨ ਤੇ ਆਪਣਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਸੰਗੀਤ ਦੇ ਸੱਤ ਸੁਰ 22 ਸ਼ਰੁਤੀਆਂ ਵਿਚੋਂ ਚੁਣੀਆਂ ਗਈਆਂ ਉਹ ਸੱਤ ਸ਼ਰੁਤੀਆਂ ਹੀ ਹਨ ਜਿਹੜੀਆਂ ਇਕ ਦੂਸਰੇ ਨਾਲੋਂ ਕੁਝ ਅੰਤਰ ਤੇ ਹਨ ਤੇ ਸੁਣਨ ਵਿਚ ਸੁਰੀਲੀਆਂ ਹਨ। ਇਸ ਲਈ ਸੁਰਾਂ ਦੇ ਮਨੁੱਖੀ ਮਨ ਤੇ ਪ੍ਰਭਾਵ ਨੂੰ ਜਾਨਣ ਲਈ 22 ਸ਼ਰੁਤੀਆਂ (ਸੁਣੀ ਜਾ ਸਕਣ ਵਾਲੀ ਮਧੁਰ ਆਵਾਜ਼; microtone) ਦੇ ਸੁਭਾਅ ਨੂੰ ਜਾਣ ਲੈਣਾ ਚਾਹੀਦਾ ਹੈ-

1. ਤੀਵਰਾ- ਇਹ ਤੀਵਰਤਾ, ਹਿੰਸਾ ਤੇ ਗਰਮੀ ਨੂੰ ਪ੍ਰਗਟਾਉਂਦੀ ਹੈ।
2. ਕੁਮੁਦਵਤੀ- ਇਹ ਕਠੋਰਤਾ, ਸ਼ਤ੍ਰਰਤਾ, ਵੈਰ, ਆਲੋਚਨਾ ਨੂੰ ਪ੍ਰਗਟਾਉਂਦੀ ਹੈ। ਕੁਮੁਦ ਦੇ ਦੋ ਭਾਵ ਹਨ ਪਹਿਲਾ ਦੁਸ਼ਮਣੀ ਤੇ ਦੂਜਾ ਕਮਲ। ਇਸ ਲਈ ਇਹ ਅੰਤਰਮਨ ਦੀ ਖੁਸ਼ੀ ਨੂੰ ਵੀ ਪ੍ਰਗਟਾਉਂਦੀ ਹੈ।
3. ਮੰਦਾ- ਇਹ ਸੁਸਤੀ, ਆਲਸ, ਨਿਸ਼ਕ੍ਰਿਅਤਾ, ਖੁਸ਼ੀ ਤੇ ਉਤਸਾਹ ਦੀ ਚਾਹਤ ਨੂੰ ਪ੍ਰਗਟਾਉਂਦੀ ਹੈ।
4. ਛੰਦੋਵਤੀ- ਇਹ ਮਾਨਸਿਕ ਸ਼ਾਂਤੀ, ਆਜ਼ਾਦੀ, ਉਦਾਰਤਾ ਤੇ ਹੀਰੋਵਾਦ ਨੂੰ ਪ੍ਰਗਟ ਕਰਦੀ ਹੈ।
5. ਦਇਆਵਤੀ- ਇਹ ਦਇਆ, ਕੋਮਲਤਾ ਤੇ ਦੁਲਾਰ ਨੂੰ ਪ੍ਰਗਟਾਉਂਦੀ ਹੈ।
6. ਰੰਜਨੀ- ਇਹ ਖੁਸ਼ੀ, ਸੁਖ ਤੇ ਸਿਫਤ ਨੂੰ ਦਰਸਾਉਂਦੀ ਹੈ।
7. ਰਕਤਿਕਾ- ਰਕਤੀ ਤੋਂ ਭਾਵ ਖੁਸ਼ੀ, ਲਗਾਣ। ਇਹ ਨੂਰਤਾ, ਭਗਤੀ ਤੇ ਅਤਿ ਦੀ ਖੂਬਸੂਰਤੀ ਤੇ ਸਿਫਤ ਨੂੰ ਦਰਸਾਉਂਦੀ ਹੈ।
8. ਰੌਦ੍ਰੀ- ਇਹ ਉਤਸਾਹ ਤੇ ਅੰਤਮਨ ਦੀ ਗਰਮੀ ਨੂੰ ਵਿਅਕਤ ਕਰਦੀ ਹੈ।
9. ਕਰੋਧਾ- ਇਹ ਗੁੱਸੇ ਨੂੰ ਵਿਅਕਤ ਕਰਦੀ ਹੈ।
10. ਵਜਰਿਕਾ- ਇਹ ਬੜੀ ਕਠੋਰ ਭਾਸ਼ਾ ਤੇ ਅਭਿਸ਼ਾਪ ਨੂੰ ਪ੍ਰਗਟਾਉਂਦੀ ਹੈ।
11. ਪ੍ਰਸਾਰਿਣੀ- ਪ੍ਰਸਾਰ ਤੋਂ ਭਾਵ ਪਸਾਰਾ, ਇਹ ਵਿਸਥਾਰ ਨੂੰ ਪ੍ਰਗਟ ਕਰਦੀ ਹੈ।
12. ਪ੍ਰੀਤੀ- ਇਹ ਅਨੰਦ, ਖੁਸ਼ੀ, ਉਲਾਸ ਤੇ ਸੰਤੋਖ ਨੂੰ ਪ੍ਰਗਟਾਉਂਦੀ ਹੈ।
13. ਮਾਰਜਿਨੀ- ਮਾਰਜਨ ਤੋਂ ਭਾਵ ਸਾਫ ਕਰਨਾ, ਸ਼ੁਧ ਕਰਨਾ। ਇਹ ਹਿਰਦੇ ਨੂੰ ਸ਼ੁੱਧ ਕਰਨਾ, ਪਿਆਰ, ਮਜ਼ਾਕ, ਹਾਸੇ ਤੇ ਘਮੰਡ ਨੂੰ ਦਰਸਾਉਂਦੀ ਹੈ।
14. ਕਸ਼ਿਤੀ- ਇਹ ਨਸ਼ਟਤਾ ਨੂੰ ਤੇ ਘਮੰਡ ਨੂੰ ਵਿਅਕਤ ਕਰਦੀ ਹੈ।
15. ਰਕਤਾ- ਇਹ ਲਗਾਵ, ਭਗਤੀ, ਉਤੇਜਨਾ ਤੇ ਚਿੰਤਾ ਨੂੰ ਵਿਅਕਤ ਕਰਦੀ ਹੈ।
16. ਸੰਦੀਪਨੀ- ਇਹ ਪਿਆਰ ਦੀ ਜੋਤ ਜਗਾਉਣ ਤੇ ਉਸ ਤੋਂ ਪੈਦਾ ਹੋਣ ਵਾਲੀ ਉਤੇਜਨਾ ਵੱਲ ਇਸ਼ਾਰਾ ਕਰਦੀ ਹੈ।
17. ਆਲਾਪਿਨੀ- ਇਹ ਪਿਆਰ ਕਰਣ ਵਾਲਿਆਂ ਦੀ ਗੱਲਬਾਤ, ਪਿਆਰ ਦਾ ਇਜ਼ਹਾਰ ਤੇ ਸਹਾਨੁਭੂਤੀ ਨੂੰ ਵਿਅਕਤ ਕਰਦੀ ਹੈ।
18. ਮਦੰਤੀ- ਇਹ ਨਸ਼ੇਪੁਣੇ, ਪਾਗਲਪੁਣਾ, ਸ਼ਰੀਰਕ ਪਿਆਰ ਤੇ ਈਰਖਾ ਤੋਂ ਉਪਜੇ ਗੁੱਸੇ ਨੂੰ ਪ੍ਰਗਟਾਉਂਦੀ ਹੈ।
19. ਰੋਹਿਨੀ- ਰੂਹ ਤੋਂ ਭਾਵ ਵੱਧਣਾ-ਫੁੱਲਣਾ, ਇਹ ਵਿਅਕਤ ਕਰਦੀ ਹੈ ਖੁਸ਼ੀ ਦੇ ਵਾਧੇ ਨੂੰ, ਦਰਦ ਨੂੰ। ਇਸ ਸ਼ਬਦ ਤੋਂ ਇਹ ਭਾਵ ਵੀ ਹੈ ਉਹ ਲੜਕੀ ਜਿਹੜੀ ਹੁਣੇ ਹੁਣੇ ਹੀ ਵੱਡੀ ਹੋਈ ਹੈ। ਇਹ ਕਿਸ਼ੋਰਾਵਸਥਾ ਦੀਆਂ ਆਸ਼ਾਵਾਂ ਤੇ ਡਰ ਨੂੰ ਪ੍ਰਗਟਾਉਂਦੀ ਹੈ।
20. ਰਮਯਾ- ਇਹ ਆਰਾਮ, ਨਿਕੰਮੇਪੁਣੇ ਨੂੰ ਤੇ ਬਾਹਰੀ ਦਿਖਾਵੇ ਪ੍ਰਤੀ ਅਨਜਾਨਪੁਣੇ ਨੂੰ ਵਿਅਕਤ ਕਰਦੀ ਹੈ।
21. ਉਗੱਰਾ- ਉਗੱਰ ਤੋਂ ਭਾਵ ਸ਼ਕਤੀਸ਼ਾਲੀ, ਡਰਾਵਣਾ, ਤਿੱਖਾ। ਇਹ ਡਰ, ਭੈਅ ਤੇ ਖਤਰੇ ਭਰੀਆਂ ਭਾਵਨਾਵਾਂ ਨੂੰ ਵਿਅਕਤ ਕਰਦੀ ਹੈ।

22. ਕਸ਼ੋਭਿਨੀ- ਇਹ ਉਥਲ-ਪੁਥਲ, ਵਿਦ੍ਰੋਹ ਤੇ ਅਤਿ ਦੀ ਚਿੰਤਾ ਨੂੰ ਪ੍ਰਗਟਾਉਂਦੀ ਹੈ। ਸੱਤ ਸੁਰਾਂ ਦੀ ਸ਼ਰੁਤੀਆਂ ਤੇ ਸਥਾਪਨਾ ਦਾ ਵੇਰਵਾ ਇਸ ਤਰ੍ਹਾਂ ਹੈ:-

| ਸੁਰ ਦਾ ਨਾਂ | **ਸ਼ਰੁਤੀ ਜਿਸਤੇ ਸਥਾਪਿਤ ਹੈ** | **ਸੁਰ ਦੇ ਅੰਤਰਗਤ ਆਣ ਵਾਲੀਆਂ ਸ਼ਰੁਤੀਆਂ** |
|---|---|---|
| ਸ਼ਡਜ | ਛੰਦੋਵਤੀ | ਤੀਵਰਾ, ਕੁਮੁਦਵਤੀ, ਮੰਦਾ ਤੇ ਛੰਦੋਵਤੀ |
| ਰਿਸ਼ਭ | ਰਕਤਿਕਾ | ਦਇਆਵਤੀ, ਰੰਜਨੀ, ਰਕਤਿਕਾ |
| ਗੰਧਾਰ | ਕ੍ਰੋਧਾ | ਰੌਦਰੀ, ਕ੍ਰੋਧਾ |
| ਮਧਿਅਮ | ਮਾਰਜਿਨੀ | ਵਜਰਿਕਾ, ਪ੍ਰਸਾਰਿਣੀ, ਪ੍ਰੀਤੀ, ਮਾਰਜਿਨੀ |
| ਪੰਚਮ | ਆਲਾਪਿਨੀ | ਕਸ਼ਿਤੀ, ਰਕਤਾ, ਸੰਦੀਪਨੀ ਤੇ ਆਲਾਪਿਨੀ |
| ਧੈਵਤ | ਰਮਯਾ | ਮਦੰਤੀ, ਰੋਹਿਨੀ, ਰਮਯਾ |
| ਨਿਸ਼ਾਦ | ਕਸ਼ੋਭਿਨੀ | ਉਗਰਾ, ਕਸ਼ੋਭਿਨੀ |

ਉਪਰੋਕਤ ਵਿਸਥਾਰ ਇਸ ਉਦੇਸ਼ ਨਾਲ ਦਿੱਤਾ ਗਿਆ ਹੈ ਕਿ ਸੰਗੀਤ ਦੀਆਂ ਸੂਖਮ ਧੁਨੀਆਂ ਦਾ ਮਨੁੱਖੀ ਮਨ ਤੇ ਕਿਹੜਾ ਕਿਹੜਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਧੁਨੀਆਂ ਦੇ ਸੁਮੇਲ ਨਾਲ ਬਣੀ ਰਚਨਾ ਜੋ ਰਾਗ ਕਹਾਉਂਦੀ ਹੈ, ਦਾ ਕੀ ਪ੍ਰਭਾਵ ਮਨ ਤੇ ਪੈਂਦਾ ਹੈ। ਜਾਂ ਇੰਝ ਕਹ ਲਓ ਕਿ ਕਿਸੇ ਖਾਸ ਭਾਵ ਨੂੰ ਪੈਦਾ ਕਰਨ ਲਈ ਕਿਹੜੀ ਧੁਨ ਗਾਈ ਜਾਂ ਵਜਾਈ ਜਾਵੇ। ਹਰ ਰਾਗ ਆਪੋ-ਆਪਣੇ ਸੁਭਾਅ ਅਨੁਸਾਰ ਮਨ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ ਕਿ ਮੇਘ ਤੇ ਮਲ੍ਹਾਰ ਰਾਗ ਮੀਂਹ ਤੇ ਵਰਖਾ ਨਾਲ ਸੰਬੰਧਿਤ ਹੋਣ ਕਾਰਨ ਖੁਸ਼ਹਾਲੀ ਤੇ ਹਰਿਆਲੀ ਦਾ ਪ੍ਰਤੀਕ ਹਨ, ਮਨ ਨੂੰ ਆਨੰਦਿਤ ਕਰਦੇ ਤੇ ਠੰਡ ਪਹੁੰਚਾਉਂਦੇ ਹਨ। ਤਾਨਸੇਨ ਦੇ ਦੀਪਕ ਰਾਗ ਗਾਉਣ ਨਾਲ ਅੱਗ ਲੱਗ ਪਈ ਤੇ ਦੀਪਕ ਬਲਣ ਲੱਗ ਗਏ ਸਨ। ਭੈਰਵ ਰਾਗ ਭਗਤੀ ਭਾਵਨਾ ਨੂੰ ਜਗਾਉਂਦਾ ਹੈ। ਰਾਗ ਸ੍ਰੀ ਇਕ 18 ਸਾਲਾਂ ਦਾ ਨੌਜਵਾਨ ਹੈ, ਜਿਸਨੇ ਲਾਲ ਰੰਗ ਦੇ ਬਸਤ੍ਰ ਪਹਿਨੇ ਹਨ, ਗਲ ਵਿਚ ਮੋਤੀਆਂ ਤੇ ਰੂਬੀਆਂ ਦਾ ਹਾਰ, ਕੰਨਾ ਵਿਚ ਗਹਣੇ, ਖੱਬੇ ਹੱਥ ਕਮਲ ਤੇ ਸੱਜੇ ਵਿਚ ਨੰਗੀ ਤਲਵਾਰ ਸ਼ਾਹੀ ਤਖ਼ਤ ਤੇ ਬੈਠਾ ਲਾਸਾਨੀ ਬੀਨ (ਸੰਗੀਤਕ ਸਾਜ਼) ਨੂੰ ਸੁਣ ਰਿਹਾ ਹੈ। ਰਾਗ ਹਿੰਡੋਲ ਖੁਸ਼ੀ ਦਾ ਪ੍ਰਤੀਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਨਾਲ ਇਹ ਸੁੱਤੇ ਸਿੱਧ ਹੈ ਕਿ ਗੁਰੂ ਸਾਹਿਬਾਨ ਸੰਗੀਤ ਵਿਚ ਪੂਰਣ ਨਿਪੁੰਨ ਸਨ। ਗੁਰੂ ਸਾਹਿਬਾਨ ਨੇ ਰਾਗਾਂ ਦੇ ਸੁਭਾਅ ਦੇ ਮੁਤਾਬਿਕ ਹੀ ਸ਼ਬਦ ਦਾ ਉਚਾਰਣ ਕੀਤਾ। ਗੁਰੂ ਨਾਨਕ ਮਰਦਾਨੇ ਨੂੰ ਕਹਿੰਦੇ "ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ" ਮਰਦਾਨਾ ਰਾਗ ਦੀਆਂ ਸੁਰਾਂ ਛੇੜਦਾ ਤੇ ਗੁਰੂ ਨਾਨਕ ਬਾਣੀ ਦਾ ਗਾਇਨ ਕਰਦੇ। ਮਲ੍ਹਾਰ ਰਾਗ ਬਾਰੇ ਗੁਰੂ ਅਮਰਦਾਸ ਜੀ ਕਹਿੰਦੇ ਹਨ-

*ਮਲ੍ਹਾਰ ਸੀਤਲ ਰਾਗ ਹੈ*
*ਹਰਿ ਧਿਆਇਐ ਸਾਂਤਿ ਹੋਇ॥*
*ਗੁਰਮੁਖਿ ਮਲ੍ਹਾਰ ਰਾਗੁ ਜੋ ਕਰਹਿ*
*ਤਿਨ ਮਨ ਤਨ ਸੀਤਲ ਹੋਇ॥*

ਮਲ੍ਹਾਰ ਦੀ ਸੁਰ ਬਾਰੇ ਵਰਨਣ ਹੈ-

*ਜਾਕੀ ਸੁਰ ਬਿਜੁਲ ਘਨ ਗਰਜਤ*
*ਮ੍ਰਿਗ ਨਾਚਿਤ ਸੁਨ ਜਾ ਕੋ॥*

ਗੁਰ ਅਰਜਨ ਦੇਵ ਜੀ ਨੇ ਗੁਰੂ ਨੂੰ ਮੇਘ ਕਿਹਾ ਹੈ ਤੇ ਬੇਨਤੀ ਕੀਤੀ ਹੈ ਕਿ ਬਾਣੀ ਦੀ ਵਰਖਾ ਕਰੋ-

*ਬਰਸ ਮੇਘ ਜੀ ਤਿਲੁ ਬਿਲਮੁ ਨ ਲਾਓ॥*

ਰਾਗ ਕਲਿਆਣ ਖੁਸ਼ੀ ਪੈਦਾ ਕਰਦਾ ਹੈ। ਨਾਮ ਪ੍ਰਗਟ ਹੋਇਆ ਹੈ। ਆਤਮਾ ਅਨੰਦ ਵਿਚ ਹੈ ਤੇ ਰੱਬੀ ਪ੍ਰਭਾਤ ਦੀ ਲੋਅ ਨੂੰ ਵੇਖ ਰਹੀ ਹੈ। ਨਾਮ ਪ੍ਰਗਟ ਹੋਣ ਨਾਲ ਜਿਵੇਂ ਤਨ ਮਨ ਵਿਚ ਖੁਸ਼ਬੂ ਹੀ ਖੁਸ਼ਬੂ ਹੋ ਜਾਂਦੀ ਹੈ ਉਸੇ ਤਰ੍ਹਾਂ ਕਲਿਆਣ ਦਾ ਰੂਪ ਦਰਸਾਇਆ ਗਿਆ ਹੈ-

*ਸਕਲ ਸੁਗੰਧ ਲੇਪ ਤਨ ਲਾਯੋ।*
*ਅੰਬਰ ਅੰਗ ਸੇਤ ਪਹਰਾਯੋ॥*
*ਗ੍ਰੀਵ ਬਿਸਾਲ ਮੋਤੀਅਨ ਮਾਲਾ।*
*ਹਾਥ ਕਮਲ ਕਾ ਫੂਲ ਉਜਾਲਾ॥*
*ਜਟਤ ਸਿੰਘਾਸਨ ਬੈਠੋ ਸੋਹੈ।*
*ਛਤ੍ਰ ਜਚਓ ਮਨ ਮਨਸਿਰ ਜੋਹੈ॥*
*ਚਮਰ ਸੁਕਲ ਬਿਬ ਓਰ ਝੁਲਾਏ।*
*ਰਾਜਾ ਰੰਕ ਹੋਤ ਸੁਖ ਗਾਏ॥*

ਕਲਿਆਣ ਵਿਚ ਉਚਾਰੇ ਸ਼ਬਦ *'ਮੇਰੇ ਲਾਲਨ ਕੀ ਸੋਭਾ'*, *'ਪ੍ਰਭ ਕੀਜੈ ਕਿਰਪਾ ਨਿਧਾਨ ਹਮ ਹਰਿ ਗੁਣ ਗਾਵਹਿਗੇ। ਹਉ ਤੁਮਰੀ ਕਰਹੁ ਨਿਤ ਆਸ ਪ੍ਰਭ ਮੋਹੇ ਕਬ ਗਲ ਲਾਵਹਿਗੇ'*। ਸੁਨਣ ਵਿਚ ਹੀ ਅਨੰਦਮਯ ਲੱਗਦੇ ਹਨ।

ਰਾਗ ਮਾਰੂ ਇਕ ਸਫਲ ਜੋਧਾ ਹੈ। ਜਿਸਦਾ ਸਰੀਰ ਰਿਸ਼ਟ ਪੁਸ਼ਟ ਹੈ, ਹੱਥ ਵਿਚ ਨੇਜਾ, ਮੱਥੇ ਤੇ ਮੁਕਟ ਹੈ,

ਜਿਦੇ ਤੋਂ ਦੁਸ਼ਮਣ ਡਰਦਾ ਹੈ। ਗੁਰੂ ਸਾਹਿਬਾਨ ਨੇ ਮਾਰੂ ਦੇ ਸੁਭਾਅ ਮੁਤਾਬਕ ਹੀ ਸ਼ਬਦ ਉਚਾਰਿਆ ਹੈ:-

*ਗੁਰ ਕੈ ਸਬਦਿ ਅਰਾਧੀਐ ਨਾਮ ਰੰਗ ਬੈਰਾਗ।*
*ਜੀਤੇ ਪੰਚ ਬੈਰਾਈਆ ਨਾਨਕ*
*ਸਫਲ ਮਾਰੂ ਇਹੁ ਰਾਗ॥*

ਰਾਗ ਆਸਾ ਦਰਸਾਉਂਦਾ ਹੈ ਕਿ ਸਾਨੂੰ ਆਸ ਨਹੀਂ ਛੱਡਣੀ ਚਾਹੀਦੀ। ਉਦਮ ਕਰਨ ਨਾਲ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਨਿਤ ਭਗਤੀ ਕਰਨ ਤੇ ਮਨ ਦੀ ਪਵਿੱਤਰਤਾ ਬਣਾਈ ਰੱਖਣ ਨਾਲ ਪ੍ਰਭੂ ਪ੍ਰਾਪਤੀ ਹੋ ਜਾਂਦੀ ਹੈ:-

*ਗੁਰਮੁਖ ਢੂੰਢਿ ਢੂੰਢੇਦਿਆਂ ਹਰਿ ਸੱਜਣ*
*ਲਧਾ ਰਾਮ ਰਾਜੇ॥*
*ਹਰਿ ਜੁਗਿ ਜੁਗਿ ਭਗਤ ਉਪਾਇਆ*
*ਪੈਜਿ ਰਖਦਾ ਆਇਆ ਰਾਮ ਰਾਜੇ॥*

ਇਸ ਪ੍ਰਕਾਰ ਜੇ ਅਸੀਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰੀਏ ਤੇ ਸਾਨੂੰ ਪਤਾ ਚਲਦਾ ਹੈ ਕਿ ਗੁਰੂ ਸਾਹਿਬਾਨ ਨੇ ਰਾਗਾਂ ਤੇ ਸ਼ਬਦਾਂ ਦਾ ਇਕ ਖਾਸ ਸੁਮੇਲ ਕਾਇਮ ਕੀਤਾ ਹੈ। ਜਿਹੋ ਜਿਹਾ ਪ੍ਰਭਾਵ ਕਿਸੇ ਖਾਸ ਰਾਗ ਦੇ ਸੁਰਾਂ ਦਾ ਹੈ ਉਹੋ ਜਿਹਾ ਪ੍ਰਭਾਵ ਪਾਣ ਵਾਲਾ ਗੁਰੂ ਦਾ ਸ਼ਬਦ ਹੈ। ਇਕ ਗੱਲ ਹੋਰ ਵੀ ਇਹ ਹੈ ਕਿ ਗੁਰੂ ਸਾਹਿਬ ਨੇ ਇਸ ਮੰਤਵ ਲਈ ਰਾਗਾਂ ਦਾ ਚੁਨਾਵ ਵੀ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ ਤੇ ਕੋਈ ਸ਼ਿੰਗਾਰੀ ਜਾਂ ਭੜਕਾਊ ਰਾਗ ਨਹੀਂ ਲਿਆ। ਇਸ ਲਈ ਗੁਰੂ ਸਾਹਿਬ ਨੇ 31 ਰਾਗ ਚੁਣੇ ਤੇ ਉਨ੍ਹਾਂ ਵਿਚ ਹੀ ਬਾਣੀ ਉਚਾਰੀ। ਸ਼ਬਦ ਪਾ ਕੇ ਰਾਗ ਗਾਉਣ ਨਾਲ ਗੁਰੂ ਦੀ ਪ੍ਰਾਪਤੀ ਛੇਤੀ ਹੋ ਜਾਂਦੀ ਹੈ।

# ਰਾਗ ਵਿਵਰਨ

ਪ੍ਰੋ. ਕਰਤਾਰ ਸਿੰਘ : ਪੁਸਤਕ 'ਗੁਰਮਤਿ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ

ਰਾਗੁ ਆਸਾ: ਰਾਗੁ ਆਸਾ ਹਿੰਦੁਸਤਾਨੀ ਸੰਗੀਤ ਦੇ ਪ੍ਰਚੱਲਿਤ ਰਾਗਾਂ ਦੀ ਗਣਨਾ ਵਿਚ ਨਹੀਂ ਆਉਂਦਾ ਅਤੇ ਨਾ ਹੀ ਸੰਗੀਤ ਗ੍ਰੰਥਾਂ ਵਿਚ ਇਸ ਬਾਰੇ ਜ਼ਿਆਦਾ ਜ਼ਿਕਰ ਮਿਲਦਾ ਹੈ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ 'ਰਾਗ ਵਿਯਾਕਰਨ' ਵਿਚ ਰਾਗ ਆਸਾ ਦੇ ਦੋ ਸਰੂਪ ਦਿੱਤੇ ਹਨ ਇਕ ਵਿਚ ਰੁ ਗੁ ਧੁ ਨੁ ਸਵਰ ਕੋਮਲ ਹਨ ਤੇ ਦੂਜੇ ਸਰੂਪ ਵਿਚ ਨਿਸ਼ਾਦ ਕੋਮਲ ਜਾਤੀ ਔੜਵ-ਸ਼ਾੜਵ ਹੈ। ਆਰੋਹ- ਸ ਰ ਮ ਪ ਧ ਸਂ ਅਵਰੋਹ- ਸਂ ਨੁ ਧ ਪ ਮ ਗ ਸ। ਰਾਗ ਆਸਾ ਦਾ ਇਹ ਦੂਜਾ ਸਰੂਪ ਰਾਗੁ ਆਸਾ ਦੇ ਕੁਝ ਨੇੜੇ ਬਣ ਜਾਂਦਾ ਹੈ। ਰਾਗੁ ਆਸਾ ਨਾਲ ਮਿਲਦਾ ਜੁਲਦਾ ਰਾਗ ਮਾਂਡ ਵੀ ਹੈ, ਜਿਸ ਦਾ ਜ਼ਿਕਰ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ, ਆਚਾਰੀਆ ਰਤੰਜਨਕਰ ਤੇ ਹੋਰਨਾਂ ਵਿਦਵਾਨਾਂ ਨੇ ਵੀ ਆਪਣੇ ਗ੍ਰੰਥਾਂ ਵਿਚ ਕੀਤਾ ਹੈ। 'ਰਾਗ ਵਿਗਿਆਨ' ਦੇ ਕਰਤਾ ਪੰਡਿਤ ਵਿਨਾਇਕ ਰਾਓ ਨਾਰਾਇਣ ਪਟਵਰਧਨ ਦੇ ਕਥਨ ਅਨੁਸਾਰ ਰਾਗ ਮਾਂਡ ਦੇ ਹੀ ਸਵਰਾਂ ਦੇ ਅਲੱਗ ਅਲੱਗ ਠਹਿਰਾਉ ਨਾਲ ਰਾਗ ਆਸਾ ਬਣ ਜਾਂਦਾ ਹੈ। ਰਾਗ ਆਸਾ ਤੇ ਰਾਗ ਮਾਂਡ ਵਿਚ ਭਾਵੇਂ ਸਵਰ ਤਾਂ ਉਹੀ ਪ੍ਰਯੋਗ ਹੁੰਦੇ ਹਨ ਪਰ ਦੋਹਾਂ ਰਾਗਾਂ ਦੇ ਚਲਨ ਕਾਰਨ ਇਹ ਰਾਗ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਨ। ਜਿਵੇਂ ਰਾਗ ਭੂਪਾਲੀ ਤੇ ਰਾਗ ਦੇਸ਼ਕਾਰ, ਰਾਗ ਭੈਰਵ ਤੇ ਕਾਲਿੰਗੜਾ। ਸੰਗੀਤ ਵਿਦਵਾਨ ਰਾਗ ਮਾਂਡ ਦੀ ਉਪਜ ਲੋਕ ਧੁਨ ਦੇ ਸਰੂਪ ਤੇ ਆਧਾਰਿਤ ਮੰਨਣ ਲਈ ਇਕ ਮੱਤ ਹਨ ਤੇ ਰਾਗ ਆਸਾ ਵੀ ਪ੍ਰਚੱਲਿਤ ਲੋਕ ਧੁਨਾਂ ਦੇ ਸਰੂਪ ਤੇ ਆਧਾਰਿਤ ਰਾਗ ਹੈ। ਵੈਸੇ ਵੀ ਹਿੰਦੁਸਤਾਨੀ ਸੰਗੀਤ ਵਿਚ ਐਸੇ ਕਈ ਰਾਗ ਹਨ ਜਿਨ੍ਹਾਂ ਦੇ ਸਰੂਪ ਲੋਕ ਧੁਨਾਂ ਤੋਂ ਹੀ ਰਚੇ ਗਏ ਹਨ ਜਿਵੇਂ ਰਾਗ ਭੂਪਾਲੀ, ਭੈਰਵੀ, ਸਾਰੰਗ, ਪਹਾੜੀ, ਤਿਲੰਗ, ਕਾਫੀ, ਸਿੰਧੜਾ ਆਦਿ ਤੇ ਆਸਾ ਰਾਗ ਵੀ ਇਸ ਸ਼੍ਰੇਣੀ ਦਾ ਹੀ ਰਾਗ ਹੈ। ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਪੁਰਾਤਨ ਲੋਕ ਧੁਨਾਂ ਜਿਵੇਂ, 'ਖੇਡਣ ਦੇ ਦਿਨ ਚਾਰ ਨੀ ਮਾਏ' ਦੀਪਚੰਦੀ ਤਾਲ ਹੈ ਤੇ ਇਸ ਤਰ੍ਹਾਂ ਹੀ ਇਕ ਹੋਰ ਲੋਕ ਧੁਨ 'ਮੈਂ ਨਹੀਂ ਜਾਣਾ ਖੇੜਿਆਂ ਦੇ ਨਾਲ' ਕਹਿਰਵਾ ਤਾਲ ਵਿਚ ਹੈ। ਇਨ੍ਹਾਂ ਦੇ ਚਲਨ ਤੋਂ ਰਾਗੁ ਆਸਾ ਦਾ ਸਰੂਪ ਨਜ਼ਰ ਆਉਂਦਾ ਹੈ। ਪੰਜਾਬ ਦੇ ਪਿੰਡਾਂ ਵਿਚ ਆਮ ਰਿਵਾਜ ਸੀ ਕਿ ਚੌਰਾਹਿਆਂ ਵਿਚ ਬੋਹੜ ਦੀ ਘਣੀ ਛਾਂ ਹੇਠ ਗਰਮੀਆਂ ਵਿਚ ਲੋਕ ਬੈਠਦੇ ਤੇ ਹੀਰ ਵਾਰਸ ਸ਼ਾਹ ਜਾਂ ਪੁਰਾਣੇ ਕਿੱਸੇ ਪੂਰਨ ਭਗਤ ਆਦਿ ਨੂੰ ਬੈਂਤ ਦੀ ਧੁਨ ਤੇ ਜਦੋਂ ਕੋਈ ਇਕ ਗਾਉਂਦਾ ਤੇ ਦੂਜੇ ਸਭ ਸੁਣ ਕੇ ਅਨੰਦਤ ਹੁੰਦੇ। ਬੈਂਤ ਦੀ ਪੁਰਾਤਨ ਪ੍ਰਚੱਲਿਤ ਧੁਨ ਤੋਂ ਰਾਗੁ ਆਸਾ ਦਾ ਸਰੂਪ ਜਾਗਦਾ ਹੈ। ਸ - ਰ ਗ ਰ ਸ, ਰ ਮ -ਪ ਧ ਪ, ਪ ਧ ਸਂ ਨ ਧ -ਪ- ਪ ਪ ਧ ਪ ਮ ਗ ਰ -ਮ ਮ ਮ ਰ ਰ ਮ ਮ ਪ ਧ, ਪ ਧ ਪ ਮ ਗ ਰ, ਸ ਰ ਗ ਸ -। ਗੁਰੂ ਸਾਹਿਬ ਨੇ ਆਸਾ ਦੀ ਵਾਰ ਨੂੰ ਸਾਨੂੰ 'ਟੁੰਡੇ ਅਸ ਰਾਜੈ ਕੀ ਧੁਨੀ' ਤੇ ਗਾਇਣ ਕਰਨ ਲਈ ਫੁਰਮਾਇਆ ਹੈ। ਅਸਰਾਜ ਰਾਜੇ ਦੀ ਉਪਮਾ ਤੇ ਜੱਸ ਦੀ ਵਾਰ ਉਸ ਸਮੇਂ ਨਿਸ਼ਚਿਤ ਰੂਪ ਵਿਚ ਪ੍ਰਚੱਲਿਤ ਲੋਕ ਧੁਨ ਰਾਗੁ ਆਸਾ ਵਿਚ ਹੋਣ ਕਾਰਨ ਸਾਨੂੰ ਆਸਾ ਦੀ ਵਾਰ ਨੂੰ ਉਸ ਧੁਨ ਤੇ ਗਾਇਣ ਲਈ ਆਦੇਸ਼ ਦਿੱਤਾ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀ ਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੪ ਅਨੁਸਾਰ ਆਸਾ ਮੇਘ ਰਾਗ ਦੀ ਰਾਗਨੀ ਹੈ ਜੇਹਾ ਕੁ 'ਪੁਨਿ ਗਾਵਹਿ ਆਸਾ ਗੁਨ ਗੁਨੀ'। ਸਿਰੀ ਰਾਗ ਤੇ ਮਾਰੂ ਮਿਲਕੇ ਮੇਘ ਦੀ ਛਾਇਆ ਕਰਕੇ ਆਸਾ ਬਣਦੀ ਹੈ। ਗੁਰਮਤਿ ਵਿਚ ਆਸਾ ਤੇ ਆਸਾਵਰੀ ਇਕੱਠੀ ਲਿਖੀ ਹੈ। ਇਹ ਆਸਾਵਰੀ ਮੇਘ ਦੀ ਛਾਇਆ ਕਰਕੇ ਆਸਾ ਨਾਲ ਮਿਲੀ ਹੈ। ਸ੍ਰੀ ਮਾਨ ਡਾਕਟਰ ਚਰਨ ਸਿੰਘ ਦੀ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੦ ਅਨੁਸਾਰ 'ਬੁਧ ਪ੍ਰਕਾਸ਼ ਦਰਪਣ' ਵਿਚ ਵਰਣਨ ਹੈ, 'ਸਿਰੀਰਾਗ ਸੁਰ ਪ੍ਰਥਮ ਹੀ ਦੂਜੇ ਮਾਰੂ ਰਾਗ। ਬਿਬ ਸੁਰ ਮਿਲ ਆਸਾ ਭਈ ਜੋ ਗਾਵੇ ਵਡਭਾਗ।' 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਦੇ ਲਿਖਣ ਅਨੁਸਾਰ 'ਸਤਿਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਮਹਾਰਾਜ ਦੇ ਸਨਮੁਖ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਸਾ ਦੀ ਵਾਰ ਗਾਉਣ ਦੀ ਰੀਤ ਚਲਾਈ ਤੇ ਗੁਰੂ ਅਰਜਨ ਸਾਹਿਬ ਨੇ ਚੌਥੇ ਸਤਿਗੁਰੂ ਦੇ ੨੪ ਛੱਕਿਆਂ ਨੂੰ ੨੪ ਪਉੜੀਆਂ ਨਾਲ ਕੀਰਤਨ ਵਿਚ ਸ਼ਾਮਲ ਕੀਤਾ।

ਆਸਾ ਦੀ ਵਾਰ ਦਾ ਨਿੱਤ ਕੀਰਤਨ ਹੁੰਦਾ। 'ਗਾਂਇ ਰਬਾਬੀ ਆਸਾ ਵਾਰ' (ਗੁਰ ਪ੍ਰਤਾਪ ਸੂਰਜ) ਗੁਰਮਤਿ ਅਨੁਸਾਰ ਸੋਦਰੁ ਦੀ ਚੌਂਕੀ ਵੇਲੇ (ਸੰਝ ਸਮੇਂ) ਵੀ ਆਸਾ ਦਾ ਗਾਉਣਾ ਵਿਧਾਨ ਹੈ। ਇਸ ਰਾਗਿਨੀ ਵਿਚ ਸਾਰੇ ਸੁਰ ਸ਼ੁੱਧ ਹਨ, ਵਾਦੀ ਰਿਸ਼ਭ ਸੰਵਾਦੀ ਮੱਧਮ ਅਤੇ ਗ੍ਰਹਿ ਸੁਰ ਸ਼ੜਜ ਹੈ। ਆਰੋਹੀ- ਸ ਰ ਮ ਪ ਧ ਨ ਸਂ ਅਵਰੋਹੀ- ਰਂ ਸਂ ਨ ਧ ਪ ਮ ਗ਼ ਰ ਸ। ਮਾਸਟਰ ਭਾਈ ਪ੍ਰੇਮ ਸਿੰਘ ਦੇ 'ਰਤਨ ਸੰਗੀਤ ਭੰਡਾਰ ਪੰਨਾ ੩੪' ਅਨੁਸਾਰ 'ਜੋ ਆਸਾ ਗੁਰ ਸਬਦ ਸੰਗ ਸੁਨੇ ਆਇ ਗੁਰੁ ਦ੍ਵਾਰ। ਖੁਸ਼ੀ ਰਹੇ ਨਿਸ ਦਿਨ ਵਿਖੇ ਅੰਤ ਨ ਕਰੇ ਜਮ ਖ੍ਵਾਰ।' ਡਾਕਟਰ ਜੀ. ਐਸ. ਮਾਨਸੁਖਾਨੀ ਦੀ ਪੁਸਤਕ 'ਇੰਡੀਅਨ ਕਲਾਸੀਕਲ ਮਿਯੂਜ਼ਕ ਐਂਡ ਸਿੱਖ ਕੀਰਤਨ' ਅਨੁਸਾਰ ਰਾਗੁ ਆਸਾ ਥਾਟ ਬਿਲਾਵਲ ਦਾ ਔੜਵ-ਸੰਪੂਰਨ ਜਾਤੀ ਦਾ ਰਾਗ ਹੈ। ਮਧਿਅਮ ਵਾਦੀ ਤੇ ਸ਼ੜਜ ਸੰਵਾਦੀ ਹੈ। ਆਰੋਹ ਸ ਰ ਮ ਪ ਧ ਸਂ ਅਵਰੋਹ- ਸਂ ਨ ਧ ਪ ਮ ਗ ਰ ਸ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ਼ ਸਿਖਇਜ਼ਮ' ਵੋ: ੨ ਪੰਨਾ ੧੭੦ ਅਨੁਸਾਰ ਰਾਗੁ ਆਸਾ ਦਾ ਬਿਲਾਵਲ ਥਾਟ ਦਾ ਔੜਵ-ਸੰਪੂਰਨ ਜਾਤੀ ਵਾਲਾ ਪ੍ਰਚੱਲਿਤ ਸਰੂਪ ਹੀ ਹੈ।

ਰਾਗੁ ਆਸਾ ਦਾ ਅੱਜ ਦਾ ਪ੍ਰਚਲਿਤ ਸਰੂਪ ਬਿਲਾਵਲ ਥਾਟ ਤੋਂ ਸ਼ੁੱਧ ਸਵਰਾਂ ਤੇ ਅਧਾਰਿਤ ਔੜਵ-ਸੰਪੂਰਨ ਜਾਤੀ ਦਾ ਮੰਨਿਆ ਜਾਂਦਾ ਹੈ। ਮੱਧ ਕਾਲ ਵਿਚ ਸ਼ੁੱਧ ਸਪਤਕ ਕਨਕਾਂਗੀ ਥਾਟ ਭਾਵ ਅੱਜ ਦੇ ਕਾਫੀ ਥਾਟ ਦੇ ਸਮਾਨ ਗੰਧਾਰ ਤੇ ਨਿਸ਼ਾਦ ਕੋਮਲ ਵਾਲਾ ਸੀ। ਰਾਗੁ ਆਸਾ ਦਾ ਆਰੋਹ ਚਲਨ ਮੱਧ ਕਾਲ ਵਿਚ ਵੀ ਅੱਜ ਦੇ ਸਵਰਾਂ ਵਾਲਾ ਹੀ ਸ ਰ ਮ ਪ ਧ ਸਂ ਬਣਦਾ ਹੈ ਪਰ ਅਵਰੋਹ ਵਿਚ ਮੱਧ ਕਾਲ ਵਿਚ ਅੱਜ ਦੇ ਕਾਫੀ ਥਾਟ ਵਾਲਾ ਸਂ ਨੁ ਧ ਪ, ਮ ਗ ਰ, ਸ ਰ ਗੁ ਸ ਬਣਦਾ ਹੈ। ਅੱਜ ਵੀ ਰਾਗੁ ਆਸਾ ਵਿਚ ਕੁਝ ਪੁਰਾਤਨ ਸ਼ਬਦ ਬੰਦਸ਼ਾਂ ਸੁਨਣ ਗੋਚਰ ਹਨ ਜਿਨ੍ਹਾਂ ਦੇ ਅਵਰੋਹ ਵਿਚ ਕੋਮਲ ਨਿਸ਼ਾਦ ਸਂ ਨੁ ਧ ਪ ਦਾ ਪ੍ਰਯੋਗ ਹੈ। ਕਿਤੇ ਕਿਤੇ ਕੋਮਲ ਗੰਧਾਰ ਦਾ ਪ੍ਰਯੋਗ ਖਾਸ ਕਰਕੇ ਤਾਰ ਸਪਤਕ ਵਿਚ ਰਂ ਗੁਂ ਰਂ ਸਂ ਨ ਧ ਸਂ ਵੀ ਕੀਤਾ ਜਾਂਦਾ ਹੈ। ਇਸ ਦਾ ਸਮ-ਪ੍ਰਕ੍ਰਿਤਕ ਰਾਗ ਮਾਂਡ ਹੈ। ਰਾਗ ਮਾਂਡ ਤੇ ਰਾਗੁ ਆਸਾ ਵਿਚ ਸਾਰੇ ਸਵਰ ਸ਼ੁਧ ਲੱਗਦੇ ਹਨ ਪਰ ਮਾਂਡ ਵਿਚ ਵਾਦੀ ਸ਼ੜਜ ਤੇ ਸੰਵਾਦੀ ਪੰਚਮ ਹੈ ਜਦੋਂ ਕਿ ਰਾਗੁ ਆਸਾ ਦਾ ਵਾਦੀ-ਸੰਵਾਦੀ ਮਧਿਅਮ ਤੇ ਸ਼ੜਜ ਹੈ। ਮਾਂਡ ਦਾ ਚਲਨ ਆਰੋਹ-ਅਵਰੋਹ ਵੱਕਰ ਰੂਪ ਵਿਚ ਹੀ ਲਿਆ ਜਾਂਦਾ ਹੈ ਸ ਗ ਰ ਮ ਗ ਪ ਮ ਧ ਪ ਨ ਧ ਸਂ। ਸਂ ਧ ਨ ਪ ਧ ਮ ਪ ਗ ਮ ਰ ਗ ਸ ਪਰ ਰਾਗੁ ਆਸਾ ਦਾ ਚਲਨ ਸ ਰ ਮ ਪ ਧ ਸਂ। ਸਂ ਨ ਧ ਪ, ਮ ਗ ਰ ਸ ਰ ਗ ਸ ਹੈ। ਇਸ ਚਲਨ ਨਾਲ ਰਾਗ ਦਾ ਸਰੂਪ ਜ਼ਿਆਦਾ ਸੁਖੈਨ ਤੇ ਰੋਚਕ ਬਣ ਜਾਂਦਾ ਹੈ। ਵਿਸ਼ੇਸ਼ ਕਰਕੇ ਮ ਪ ਧ ਸਂ, ਸਂ ਰਂ ਸਂ, ਸਂ ਨ ਧ ਪ, ਸਂ ਰਂ ਗਂ ਰਂ ਸਂ, ਨ ਧ ਪ, ਪ ਧ ਪ ਮ, ਗ ਰ ਸ ਰ ਗ ਸ। ਇਨ੍ਹਾਂ ਸਵਰ-ਸੰਗਤੀਆਂ ਦੁਆਰਾ ਰਾਗ ਦਾ ਸਰੂਪ ਜਾਗਦਾ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸਰਦਾਰ ਗਿਆਨ ਸਿੰਘ ਐਬਟਾਬਾਦ ਨੇ 'ਗੁਰਬਾਣੀ ਸੰਗੀਤ', ਪ੍ਰੋਫੈਸਰ ਤਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ', ਸੰਤ ਸਰਵਣ ਸਿੰਘ ਨੇ 'ਸੁਰ ਸਿਮਰਣ ਸੰਗੀਤ', ਪ੍ਰਿੰਸੀਪਲ ਦਿਆਲ ਸਿੰਘ ਨੇ 'ਗੁਰਮਤਿ ਸੰਗੀਤ ਸਾਗਰ', ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਨੇ 'ਪ੍ਰਾਚੀਨ ਗੀਤ ਰਤਨਾਵਲੀ', ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਤੇ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਜਵੱਦੀ ਟਕਸਾਲ ਇਨਾਂ ਸਭ ਨੇ ਰਾਗੁ ਆਸਾ ਦੇ ਪ੍ਰਚਲਿਤ ਸਰੂਪ ਨੂੰ ਹੀ ਸਵੀਕਾਰਿਆ ਹੈ। ਸੋ ਪ੍ਰਮਾਣਿਕ ਤੱਥਾਂ ਦੇ ਆਧਾਰ ਤੇ ਰਾਗ ਆਸਾ ਦੇ ਇਸ ਪਰੰਪਰਾਗਤ ਸਰੂਪ ਨੂੰ ਮੈਂ ਨਿਸ਼ਚਿਤ ਰੂਪ ਵਿਚ ਪ੍ਰਵਾਣਿਤ ਮੰਨਦਾ ਹਾਂ ਤੇ ਇੱਥੇ ਵੀ ਰਾਗ ਦਾ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

ਗੁਰਮਤਿ ਸੰਗੀਤ ਵਿਚ ਰਾਗੁ ਆਸਾ ਦਾ ਬਹੁਤ ਮਹੱਤਵਪੂਰਨ ਅਸਥਾਨ ਹੈ। ਗੁਰੂ ਕਾਲ ਤੋਂ ਹੀ ਗੁਰੂ ਦਰਬਾਰ ਵਿਚ ਨਿੱਤ ਅੰਮ੍ਰਿਤ ਵੇਲੇ ਕਾਦਰ ਦੀ ਕੁਦਰਤ ਦੇ ਗੁਣ ਗਾਇਨ ਕਰਨਾ ਤੇ ਸੰਝ ਸਮੇਂ ਵੀ ਕੁਦਰਤ ਤੋਂ ਬਲਿਹਾਰੀ ਜਾਣ ਦੀ ਅਨੰਦ ਅਵਸਥਾ ਪ੍ਰਾਪਤ ਕਰਨ ਲਈ ਰਾਗੁ ਆਸਾ ਨੂੰ ਹੀ ਪ੍ਰਵਾਣਿਆ ਹੈ ਜਿਸ ਦੀਆਂ ਮਧੁਰ ਸਵਰਾਂ ਦੁਆਰਾ ਸੁਰਤੀ ਜੁੜਦੀ ਹੈ ਤੇ ਮਨ ਵਿਸਮਾਦ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਰਾਗੁ ਆਸਾ ਨੂੰ ਤਾਂ ਗੁਰੂ ਘਰ ਤੋਂ ਪ੍ਰਮੁੱਖ ਅਸਥਾਨ ਪ੍ਰਾਪਤ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਹੀ 'ਜਪੁ' ਬਾਣੀ ਤੋਂ ਬਾਅਦ ਰਾਗ-ਆਧਾਰਿਤ ਰਚਿਤ ਬਾਣੀ ਵਿਚ ਸਭ ਤੋਂ ਪਹਿਲਾਂ ਸ਼ਬਦ 'ਸੋ ਦਰੁ ਰਾਗੁ ਆਸਾ ਮਹਲਾ ੧' ਦੇ ਸਿਰਲੇਖ ਹੇਠ ਅੰਕਿਤ ਹੈ ਕਿ ਦੇਵੀ, ਦੇਵਤੇ, ਪਵਣ, ਪਾਣੀ ਤੇ ਸਾਰਾ ਬ੍ਰਹਮੰਡ ਪ੍ਰਭੂ ਦੇ ਗੁਣ ਗਾਇਣ ਕਰ ਰਹੇ ਹਨ। ਦੂਜਾ ਸ਼ਬਦ ਆਸਾ ਮਹਲਾ ੧ 'ਸੁਣਿ ਵਡਾ ਆਖੈ ਸਭੁ ਕੋਇ' ਤੇ ਤੀਜਾ ਸ਼ਬਦ ਆਸਾ ਮਹਲਾ ੧ 'ਆਖਾ

ਜੀਵਾ ਵਿਸਰੈ ਮਰਿ ਜਾਉ' ਇਨ੍ਹਾਂ ਵਿਚ ਪ੍ਰਭੂ ਵਡਿਆਈ ਤੇ ਨਾਮ ਦੀ ਮਹਿਮਾ ਦਾ ਵਰਨਣ ਹੈ। ਇਹ ਤਿੰਨੇ ਸ਼ਬਦ ਹੀ ਗੁਰੂ ਨਾਨਕ ਦੇਵ ਜੀ ਨੇ ਰਾਗੁ ਆਸਾ ਵਿਚ ਹੀ ਉਚਾਰਨ ਕੀਤੇ ਹਨ। ਗੁਰੂ ਜੀ ਨੇ ਤਾਂ ਲੁਕਾਈ ਉੱਪਰ ਜ਼ੁਲਮ ਤੇ ਅਨਿਆਂਉ ਹੁੰਦਾ ਵੇਖਿਆ ਤੇ ਰੱਬ ਅੱਗੇ ਤਰਲਾ ਪਾਇਆ ਤਾਂ ਵੀ ਰਾਗੁ ਆਸਾ ਵਿਚ ਹੀ ਗਾਇਨ ਕੀਤਾ 'ਏਤੀ ਮਾਰ ਪਈ ਕਰਲਾਣੇਂ ਤੈਂ ਕੀ ਦਰਦੁ ਨਾ ਆਇਆ'। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਰਾਗੁ ਆਸਾ ਸ੍ਰੀ ਗੁਰ ਨਾਨਕ ਦੇਵ ਜੀ ਦੀ ਆਪਣੀ ਨਿੱਜ ਦੀ ਕਾਢ ਹੈ ਤੇ ਇਸ ਦੀ ਤਾਸੀਰ ਭਗਤੀ ਰਸ ਭਰਪੂਰ ਹੈ।

## ਪੁਸਤਕ ਸਮੀਖਿਆ

ਪ੍ਰੋ. ਨਵਸੰਗੀਤ ਸਿੰਘ : 'ਸਾਡਾ ਵਿਰਸਾ ਸਾਡਾ ਗੌਰਵ' 'ਚੋਂ ਧੰਨਵਾਦ ਸਹਿਤ

**ਪੁਸਤਕ:** ਫਰੀਦ ਬਾਣੀ (ਸੰਗੀਤਕ ਪਰਿਪੇਖ) **ਲੇਖਕ:** ਡਾ. ਜਾਗੀਰ ਸਿੰਘ
**ਪ੍ਰਕਾਸ਼ਕ:** ਪੰਜਾਬੀ ਪਬਲੀਕੇਸ਼ਨ, ਪਟਿਆਲਾ **ਕੀਮਤ:** 140 ਰੁਪਏ

ਡਾ. ਜਾਗੀਰ ਸਿੰਘ ਦਾ ਨਾਮ ਗੁਰਮਤਿ ਕੀਰਤਨ ਪਰੰਪਰਾ ਵਿਚ ਪੇਸ਼ ਹੈ। ਉਹ ਪਿਛਲੇ 38 ਵਰ੍ਹਿਆਂ ਤੋਂ ਗੁਰਮਤਿ ਸਾਹਿਤ ਵਿਚ ਵੀ ਵਿਸ਼ੇਸ਼ ਯੋਗਦਾਨ ਦੇ ਰਹੇ ਹਨ। ਉਨ੍ਹਾਂ ਨੂੰ ਸੰਗੀਤ ਨਾਟਕ ਅਕਾਡਮੀ (ਗੁਰਮਤਿ ਸੰਗੀਤ ਅਵਾਰਡ-2002) ਅਤੇ ਭਾਸ਼ਾ ਵਿਭਾਗ ਪੰਜਾਬ (ਸ਼੍ਰੋਮਣੀ ਰਾਗੀ ਅਵਾਰਡ-1989) ਤੋਂ ਇਲਾਵਾ 12 ਹੋਰ ਸੰਸਥਾਵਾਂ ਵੱਲੋਂ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਹਨ। 1989 ਤੋਂ ਉਹ 'ਅੰਮ੍ਰਿਤ ਕੀਰਤਨ' ਨਾਂ ਦੀ ਮਾਸਿਕ ਪੱਤ੍ਰਿਕਾ ਦਾ ਨਿਰੰਤਰ ਪ੍ਰਕਾਸ਼ਨ ਕਰ ਰਹੇ ਹਨ। ਅੱਜ ਕੱਲ ਆਪ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਿਖੇ ਡਿਪਟੀ ਡਾਇਰੈਕਟਰ (ਅਕਾਦਮਿਕ) ਦੇ ਅਹੁੱਦੇ ਤੇ ਬਿਰਾਜਮਾਨ ਹਨ।

ਰੀਵਿਊ ਅਧੀਨ ਪੁਸਤਕ ਡਾ. ਜਾਗੀਰ ਸਿੰਘ ਦੀ ਇਕ ਖੋਜ ਪੁਸਤਕ ਹੈ, ਜੋ ਸੰਭਵ ਹੈ ਕਿ ਸਾਲ 2004 ਦੇ ਆਖਰੀ ਮਹੀਨਿਆਂ ਵਿਚ ਛਪੀ ਹੈ। ਪਰ ਪੁਸਤਕ ਦੇ ਅੰਦਰ ਵਾਰ ਇਸਦਾ ਪ੍ਰਕਾਸ਼ਨ ਵਰ੍ਹਾ ਅੰਕਿਤ ਨਹੀਂ ਹੈ। ਪੁਸਤਕ ਦੇ ਆਦਿਕਾ ਅਤੇ ਪੁਸਤਕ ਸੂਚੀ ਤੋਂ ਇਲਾਵਾ ਛੇ ਅਧਿਆਇ ਬਣਾਏ ਗਏ ਹਨ। ਜਿਨ੍ਹਾਂ ਵਿਚ ਕ੍ਰਮਵਾਰ ਵਿਅਕਤੀਤਵ ਅਤੇ ਰਚਨਾ, ਵਸਤੂ ਵਿਵੇਚਨ, ਵਿਭਿੰਨ ਪਰਿਪੇਖ, ਸੰਗੀਤਕ ਪਰਿਪੇਖ, ਸੰਗੀਤਕ ਰਚਨਾਵਾਂ ਦੇ ਰਾਗ ਸਰੂਪ ਅਤੇ ਸੰਗੀਤ ਰਚਨਾਵਾਂ ਨਾਲ ਸੰਬੰਧਿਤ ਵਿਸ਼ਿਆਂ ਦੀ ਚਰਚਾ ਹੋਈ ਹੈ।

ਪਹਿਲੇ ਅਧਿਆਇ ਵਿਚ ਬਾਬਾ ਫ਼ਰੀਦ ਜੀ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਚਰਚਾ ਕਰਦਿਆਂ ਵਿਦਵਾਨ ਲੇਖਕ ਨੇ ਵਿਭਿੰਨ ਪੁਸਤਕਾਂ ਦੇ ਹਵਾਲਿਆਂ ਨਾਲ ਫ਼ਰੀਦ ਜੀ ਦੀ ਜ਼ਿੰਦਗੀ ਅਤੇ ਰਚਨਾ ਨੂੰ ਸੂਤਰਬੱਧ ਕੀਤਾ ਹੈ। ਇਸਦੇ ਅੰਤਰਗਤ ਇਤਿਹਾਸਕ ਪਰਿਪੇਖ, ਕਥਾ ਮੂਲਕ ਪਰਿਪੇਖ, ਰਚਨਾ-ਮੂਲਕ ਪਰਿਪੇਖ ਦੇ ਅਧੀਨ ਬਾਬਾ ਫਰੀਦ ਜੀ ਦਾ ਵਿਭਿੰਨ ਪਰਿਪੇਖਾਂ ਤੋਂ ਮਹੱਤਤਾ ਦਾ ਬੋਧ ਕਰਵਾਇਆ ਗਿਆ ਹੈ। ਕਥਾ-ਮੂਲਕ ਪਰਿਪੇਖ ਦੇ ਅੰਤਰਗਤ ਇਕ ਹੋਰ ਹਵਾਲੇ ਦਾ ਜ਼ਿਕਰ ਕਰਨਾ ਰਹਿ ਗਿਆ ਹੈ, ਉਹ ਹੈ ਫਰੀਦਕੋਟ ਸ਼ਹਿਰ ਨੂੰ ਬਾਬਾ ਫਰੀਦ ਜੀ ਦੀ ਚਰਨਛੋਹ ਪ੍ਰਾਪਤ ਹੋਣਾ। ਇਸਦਾ ਜ਼ਿਕਰ ਪ੍ਰੋ. ਗੁਰਬਚਨ ਸਿੰਘ ਤਾਲਿਬ ਦੀ ਪੁਸਤਕ (ਬਾਬਾ ਸ਼ੇਖ ਫ਼ਰੀਦ: ਜੀਵਨ ਵਾਰਤਾ ਅਤੇ ਸਿੱਖਿਆ, ਪ੍ਰਕਾਸ਼ਕ: ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973) ਦੇ ਪੰਨਾ 10-11 ਉੱਤੇ ਵਿਸਥਾਰ ਸਾਹਿਤ ਕੀਤਾ ਗਿਆ ਹੈ। ਡਾ. ਜਾਗੀਰ ਸਿੰਘ ਹੁਰਾਂ ਦੀ ਨਜ਼ਰ ਵਿਚੋਂ ਇਹ ਪੁਸਤਕ ਨਹੀਂ ਲੰਘੀ।

ਵਸਤੂ ਵਿਵੇਚਨ ਵਾਲੇ ਅਧਿਆਇ ਵਿਚ ਫਰੀਦ ਜੀ ਦੀ ਰਚਨਾ ਵਿਚ ਉਪਲਬਧ ਵਿਭਿੰਨ ਥੀਮਕ ਪਸਾਰਾਂ (ਦਰਵੇਸ਼, ਪ੍ਰੇਮ, ਬ੍ਰਿਹਾ, ਸਬਰ, ਸੰਤੋਖ, ਸਹਿਨਸ਼ੀਲਤਾ, ਨਿਮਰਤਾ, ਮਿੱਠਾ ਬੋਲਣਾ, ਨਮਾਜ਼, ਬੰਦਗੀ, ਨਾਸ਼ਮਾਨਤਾ, ਸਮੇਂ ਦੀ ਸਾਰਥਕਤਾ ਆਦਿ) ਦੀ ਨਿਸ਼ਾਨ ਦੇਹੀ ਹੋਈ ਮਿਲਦੀ ਹੈ। ਤੀਜੇ ਅਧਿਆਇ ਵਿਚ ਫਰੀਦ ਬਾਣੀ ਦੇ ਗੁਰਮਤਿ ਸੰਦਰਭ ਅਤੇ ਇਸਲਾਮਕ ਤੇ ਸੂਫੀ ਸੰਦਰਭਾਂ ਦੀ ਚਰਚਾ ਕੀਤੀ ਗਈ ਹੈ। ਗੁਰਮਤਿ ਸੰਦਰਭ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਆਪ ਦੀ ਬਾਣੀ ਦੇ ਆਧਾਰ 'ਤੇ ਜ਼ਿਕਰ ਕੀਤਾ ਗਿਆ ਹੈ, ਜਦਕਿ ਇਸਲਾਮਿਕ ਤੇ ਸੂਫੀ ਸੰਦਰਭ ਵਿਚ ਏਕਾਦਾਤ, ਆਦਾਬ, ਇਬਾਦਾਤ ਦੇ ਪ੍ਰਸੰਗ ਦ੍ਰਿਸ਼ਟੀਗੋਚਰ ਹੋਏ ਹਨ। ਸੰਗੀਤਕ ਪਰਿਪੇਖ ਵਿਚ ਲੇਖਕ ਨੇ ਸੂਫੀ ਅਤੇ ਸੰਗੀਤ, ਫਰੀਦ ਬਾਣੀ ਅਤੇ ਸੰਗੀਤ, ਸ਼ਬਦ ਰਚਨਾ ਤੇ ਸੰਗੀਤਕ ਸੰਗੀਤ ਦੇ ਉਪ-ਸਿਰਲੇਖਾਂ ਅਧੀਨ ਫਰੀਦ ਬਾਣੀ ਵਿਚ ਹਿੰਦੁਸਤਾਨੀ ਸੰਗੀਤ ਨੂੰ ਅਵਲੋਕਿਤ ਕੀਤਾ ਹੈ। ਸੰਗੀਤਕ ਰਚਨਾਵਾਂ ਦੇ ਰਾਗ ਸਰੂਪ ਵਿਚ ਡਾ. ਜਾਗੀਰ ਸਿੰਘ ਨੇ ਬਾਬਾ ਫਰੀਦ ਦੀਆਂ ਸੰਗੀਤ-ਰਚਨਾਵਾਂ ਲਈ ਪ੍ਰਯੁਕਤ ਕੀਤੇ ਵੱਖ ਵੱਖ 13 ਰਾਗਾਂ (ਆਸਾ, ਸੋਰਠਿ, ਤਿਲੰਗ, ਸੂਹੀ, ਸੂਹੀ ਲਲਿਤ, ਤੁਖਾਰੀ, ਸਾਰੰਗ, ਮਲ੍ਹਾਰ, ਕਲਿਆਣ, ਬੈਰਾਗੀ, ਚੰਦਰਕੌਂਸ, ਮਾਲਕੌਂਸ ਅਤੇ ਕੀਰਵਾਨੀ ਰਾਗ) ਦੇ ਸਰੂਪ ਦੀ ਚਰਚਾ ਕੀਤੀ ਹੈ।

ਇਸ ਪੁਸਤਕ ਦਾ ਆਖਰੀ ਅਧਿਆਇ ਬਾਣੀ ਗਾਇਕਾਂ ਲਈ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ, ਜਿਸ

ਵਿਚ ਫਰੀਦ ਬਾਣੀ (ਜੋ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ) ਨੂੰ ਸੁਰ ਲਿਪੀਬੱਧ ਕੀਤਾ ਗਿਆ ਹੈ। ਫਰੀਦ ਬਾਣੀ ਨੂੰ ਸੁਰ ਲਿਪੀਬੱਧ ਕਰਦਿਆਂ ਇਨ੍ਹਾਂ ਦੀ ਮੌਲਿਕਤਾ ਨੂੰ ਸੂਖਮਤਾ ਰਾਹੀਂ ਪ੍ਰਗਟਾਉਣ ਦਾ ਉਚੇਚਾ ਯਤਨ ਕੀਤਾ ਗਿਆ ਹੈ।

ਇਸ ਸਾਰੇ ਖੋਜ-ਕਾਰਜ ਦਾ ਮੂਲ ਉਦੇਸ਼ ਫਰੀਦ ਬਾਣੀ ਦੇ ਸੰਗੀਤਕ ਪ੍ਰਸੰਗ ਨੂੰ ਤਲਾਸ਼ਣਾ ਹੈ। ਫਰੀਦ ਬਾਣੀ ਦੇ ਅਲੌਕਿਕ ਅਧਿਆਤਮਕ ਅਨੁਭਵ ਨੂੰ ਸੰਗੀਤ ਦੀ ਜੁਗਤ ਦੁਆਰਾ ਸੁਰਾਤਮਕ ਰੂਪ ਵਿਚ ਢੂੰਡਣਾ ਹੀ ਇਸ ਪੁਸਤਕ ਦਾ ਮੁੱਖ ਉਦੇਸ਼ ਹੈ, ਜਿਸ ਵਿਚ ਵਿਦਵਾਨ ਲੇਖਕ ਬਹੁਤ ਹੱਦ ਤੱਕ ਸਫਲ ਹੋਇਆ ਹੈ।

ਪੁਸਤਕ ਵਿਚ ਕਿਤੇ ਕਿਤੇ ਸ਼ਬਦ ਜੋੜਾਂ ਦੀਆਂ ਗਲਤੀਆਂ ਜ਼ਰੂਰ ਰੜਕਦੀਆਂ ਹਨ, ਪਰ ਫਿਰ ਵੀ ਇਹ ਪੁਸਤਕ ਵਿਦਵਾਨਾਂ ਤੇ ਗੁਰਬਾਣੀ ਕੀਰਤਨੀਆਂ ਲਈ ਬਹੁਤ ਉਪਯੋਗ ਹੈ, ਜਿਸ ਨੂੰ 'ਜੀ ਆਇਆਂ ਨੂੰ' ਕਹਿਣਾ ਬਣਦਾ ਹੈ।

# Asa Ki Var

Courtesy 'Encyclopedia of Sikhism' Punjabi University, Patiala

*Asa Ki Var* as recorded in the index to Guru Granth Sahib, but commonly designate *Asa di Var*, lit. an ode (*var*) in the musical measure *Asa* is a composition by Guru Nanak sung by musicians at Sikh congregations as part of the early-morning service. *Asa* is the *raga* of predawn hours and the custom of reciting the hymn at morning time is traced to the days of Guru Nanak himself. It is said that Bhai Lahina (later, Guru Angad) was the first to sing it in the presence of Guru Nanak. The *Var* then comprised twenty-four *pauris* or stanzas by Guru Nanak and some *slokas* which were also of his composition as indicated to in the title given to it by Guru Arjan when entering the composition in the Holy Book (*salok bhi mahalle pahile ke likhe*), the *slokas* were also composed by the First Guru, Guru Nanak. In its present form, it carries twenty-four stanzas with a total of fifty-nine *slokas*, 45 by Guru Nanak and 14 by Guru Angad. At the time of recitation, the choir will prefix each of the stanzas by a quatrain from the series by Guru Ram Das entered separately under *Raga Asa*, collectively known as *chhakkas*, or sextettes from the group of six quatrains each counting as a unit. They will also punctuate the singing with illustrative hymns from Guru Granth Sahib and with passages from Bhai Gurdas and Bhai Nand Lal whose compositions constitute approved texts. According to the musical direction recorded by Guru Arjan at the beginning of the *Var*, it is meant to be recited in the tune of an old folk ballad which had as its hero a prince by the name of Asraja, called Tunda Asraj because of a maimed hand (*tunda*).

From passage to passage, the Var touches upon several different themes, but central point of emphasis is the state of man, and how he may liberate himself from the bondage of self and prepare himself for union with the Divine. The text is also strewn with telling social comment. The ills of contemporary life - its inequalities and artificialities - are sharply noticed. There are lines alluding to the moral decay that had set in, and showing how cant, hypocrisy and superstition passed under the name of religion and how people had begun aping the dress and language of their foreign masters.

The *Var* opens with the praise of the Guru, the spiritual preceptor, who brings light into the world. "Were a hundred of moons to rise and a thousand suns, the light so created will be but utter darkness without the Guru." In this *sloka* Guru Angad is saying how vital the Guru's instruction is for the individual. God, says Guru Nanak, is the creator of all that

exists and in His creation He manifested His name. He, the Beneficent One, is the source of mercy and grace (1). They who attach themselves to His Name are the winners in life; the rest remain losers (2).

One will find by His grace alone the true Guru who puts him in the path of righteousness and helps him rid himself of his ego (3). The Guru will reveal to him the truth. Without the aid of the Guru, no one has comprehended the Reality. The Guru helps one to overcome one's attachment to what is unreal and leads one to liberation everlasting (6). They who cherish the true Lord turn not their feet towards sin. Their path is paved with good deeds and they practise righteousness. They sing praises of the Supreme Being and rejoice in His grace (7). All the formal acts of piety and all the austerities performed at holy places will be of little avail. They alone will please the Lord who give Him their loving devotion. God's own minstrel, Nanak, seeks the company of those who remain absorbed in Him (9).

In the world beyond neither caste nor power will prevail. They alone will receive honour there who are by the Lord favoured. Sweetness and humility are the essence of all virtue. Rejecting the sacred thread of the high-born, Guru Nanak tells the Brahman that he had little use for the ceremonial cord which got soiled and broke. What he would rather have was a cord made of the cotton of compassion, spun into the thread of contentment, twisted with truth and knitted with continence. He would submit to the Lord's will is approved and is received at the divine portal. Commenting upon the hypocrisy in contemporary society, he says that Brahmans wear their traditional apparels and plant the saffron mark on their forehead, yet they eat the grain they receive from those they call unclean. Inside their homes they worship their idols, and outside they read books of the Muslims and take to their ways. Those wearing the sacred thread round their neck carry in their hand the butcher's knife.

The woman who has given birth to a child is not impure as the custom decrees. Impure is the mind which is filled with covetousness, impure is the tongue which utters falsehood, impure are the eyes which look at another's woman; impure is the ear which hears slander. The impurity of impurities is to become attached to anyone/anything other than Him. Why call woman evil of whom great men are born?

Do not stigmatize anyone as evil. That is the essence of all knowledge. Nor should one argue with a fool (19). He who carries a harsh tongue, his mind and body are both impaired. In the true Lord's court will he be discarded. Remember always the Lord by cherishing whom one lives ever in comfort (21). How just are they who sow poison and hope to distill nectar from it? Infinite, unlimited is the Lord. He Himself is the doer and He Himself causes things to be done. Before whom else may one lay one's appeal

(23)? Beyond enumerating are the excellences of the Supreme Being. He is the Creator, the Beneficent One, the Sustainer of all. One but does what one is assigned to.

BIBLIOGRAPHY:

1.Teja Singh, *Asa di Var*. Amritsar, 1968

2. Vohra, Asha Nand, *Asa ki Var*. Rohtak, 1969

3. Kohli, Surinder Singh, *Guru Nanak: Jivan, Darshan ate Kavi-Kala*. Chandigarh, 1969

4. Vir Singh, *Santhya Sri Guru Granth Sahib*. Amritsar, 1975

5. Sahib Singh, *Satik Asa di Var*. Amritsar, 1978

6. Sher Singh, Giani, *Tika Asa di Var* (3 parts). Rawalpindi, 1910-20

# ਸੁਰ ਲਿਪੀ

ਨਰਿੰਦਰ ਕੌਰ : ਲੈਕਚਰਾਰ, ਆਰੀਆ ਕਾਲਜ, ਪਠਾਨਕੋਟ

*ਰਾਗੁ ਸੋਰਠਿ*

**ਸੁਰ:** ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁੱਧ, ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ। ਅਵਰੋਹ ਵਿਚ ਗੰਧਾਰ ਦਾ ਪ੍ਰਯੋਗ ਕੇਵਲ ਮੀਂਡ ਦੁਆਰਾ। **ਥਾਟ:** **ਖਮਾਜ।**

**ਜਾਤੀ:** ਔੜਵ ਸੰਪੂਰਨ **ਵਾਦੀ:** ਰਿਸ਼ਭ **ਸੰਵਾਦੀ:** ਧੈਵਤ **ਸਮਾਂ:** ਰਾਤ ਦਾ ਦੂਸਰਾ ਪਹਿਰ

**ਆਰੋਹ:** ਸ ਰੇ, ਮ ਪ, ਨੀ ਸਂ, **ਅਵਰੋਹ:** ਸਂ ਰੇਂ ਨ਼ੀ ਧ, ਮ ਪ ਧ ਮ ^ਗ^ਰੇ, ਨ਼ੀ ਸ।

(ਪਕੜ) **ਮੁਖ ਅੰਗ:** ਸ ਰੇ, ਮ ਪ, ਨ਼ੀ ਧ, ਪ, ਧ ਮ ^ਗ^ਰੇ, ਨ਼ੀ ਸ।

**ਤਾਲ-ਕਹਿਰਵਾ ਲੈਅ-ਮੱਧ**

| 1 | 2 | 3 | 4 | 5 | 6 | 7 | 8 |
|---|---|---|---|---|---|---|---|
| x | | | | 0 | | | |
| **ਸਥਾਈ** | | | | | | | |
| ਰੇ | ਮ | ਪਨ਼ੀ | ਧ | ਪ | ਪ | – | – |
| *ਮੇ* | *ਰੇ* | *ਮऽ* | *ਨ* | *ਜ* | *ਪਿ* | ऽ | ऽ |
| – | – | ਪਪ | ਪ | ਪ | –ਮ | –ਪ | ਧ |
| ऽ | ऽ | *ਗੁਰ* | *ਗੋ* | *ਪਾ* | *ऽਲ* | *ऽਪ* | *ਭ* |
| ਮ | –ਗ | ਰੇ | – | – | – | – | – |
| *ਸੋ* | ऽऽ | *ਈ* | ऽ | ऽ | ऽ | ऽ | ऽ |
| – | –ਰੇ | ਗਸ | –ਨ਼ੀ | ਸ | ਸ | ਸ | ਸ |
| ऽ | *ऽਜਾ* | *ऽਕੀ* | ऽऽ | *ਸ* | *ਰ* | *ਣ* | *ਪਇ* |
| ਰੇ | – | ਮ | ਪ | ਨ਼ੀ | –ਪ | ਪ | – |
| *ਆਂ* | ऽ | *ਸੁ* | *ਖ* | *ਪਾ* | *ऽਈ* | *ਐ* | ऽ |
| ਮ | –ਮ | ਪ | ਨੀਨ਼ੀ | ਨੀ | ਨੀ | – | (ਸਂ) |
| ऽ | *ऽਬਾ* | ऽ | *ਹੁੜ* | *ਦੂ* | *ਖ* | ऽ | *ਨ* |
| ਨ਼ੀ | – | ^ਧ^ਪ | – | – | – | – | – |
| *ਹੋ* | ऽ | *ਈ* | ऽ | ऽ | ऽ | ऽ | ऽ |
| **ਅੰਤਰਾ** | | | | | | | |
| – | ਰੇ | ਮ | ਪ | ਨੀ | ਨੀ | – | – |
| ऽ | *ਅ* | *ਬਿ* | *ਨਾ* | ऽ | *ਸੀ* | ऽ | ऽ |
| ਨੀ | –ਨੀ | ਸਂ | ਸਂ | ਸਂ | –ਨੀ | ਸਂਰੇਂ | – |
| *ਜੀ* | *ऽਅ* | *ਨ* | *ਕੋ* | *ਦਾ* | ऽऽ | *ਤਾऽ* | ऽ |
| – | ਰੇਂਮਂ | ਗਂ | ਰੇਂ | – | ਰੇਂ | ਗਂਨੀ | ਨੀ |
| ऽ | *ਸਿਮ* | *ਰ* | *ਤ* | ऽ | *ਸ* | *ਭਮ* | *ਲ* |

| | | | | | | | |
|---|---|---|---|---|---|---|---|
| ਸਂ | – | ਸਂ | – | – | – | – | – |
| ਖੋ | ऽ | ਈ | ऽ | ऽ | ऽ | ऽ | ऽ |
| – | ਸਰੇਂ | -ਨ਼ੀ | ਨ਼ੀ | ਧ | – | ਪ | – |
| ऽ | ਗੁऽ | ऽਣ | ਨਿ | ਧਾ | ऽ | ਨ | ऽ |
| ਪ– | ਪੁਪ | ਮ | ਪੁਧੁ | ਮ | ਮ | ਗ | ਰੇ |
| ਭੁऽ | ਗਤੁ | ਨ | ਕਉ | ਬ | ਰ | ਤ | ਨ |
| – | ਰੇ | ਮਗ | – | ਗਰੇ | ਗਗ | ਸ | ਨ਼ੀ |
| ऽ | ਬਿ | ਰਲਾ | ऽ | ਪਾऽ | ऽऽ | ਵੈ | ऽ |
| ਸ | – | ਸ | – | – | – | – | – |
| ਕੋ | ऽ | ਈ | ऽ | ऽ | ऽ | ऽ | ऽ |

ਦੂਸਰਾ ਅੰਤਰਾ ਵੀ ਇਸੇ ਧੁਨ 'ਤੇ।

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ |
|---|---|---|
| ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥ | Imperishable and Benefactor of the beings is the Lord. Remembering Him all the fifth is removed. | ਕਾਲ-ਰਹਿਤ, ਜੀਵਾਂ ਦਾ ਦਾਤਾਰ ਹੈ ਸੁਆਮੀ। ਉਸ ਦਾ ਆਰਾਧਨ ਕਰਨ ਦੁਆਰਾ ਸਾਰੀ ਗਿਲਾਜਤ ਉਤਰ ਜਾਂਦੀ ਹੈ। |
| ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥੧॥ | The Lord, the Treasure of virtue, is the capital of saints, but rare is the person who obtains Him. | ਨੇਕੀ ਦਾ ਖ਼ਜਾਨਾ ਸੁਆਮੀ ਸਾਧੂਆਂ ਦੀ ਪੂੰਜੀ ਹੈ, ਪ੍ਰੰਤੂ ਕੋਈ ਟਾਂਵਾ ਟੱਲਾ ਹੀ ਉਸ ਨੂੰ ਪਰਾਪਤ ਕਰਦਾ ਹੈ। |
| ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥ | O my soul, contemplate thou on that Lord, the great Cherisher of the World. | ਹੇ ਮੇਰੀ ਜਿੰਦੜੀਏ! ਤੂੰ ਉਸ ਵਡੇ ਸ੍ਰਿਸ਼ਟੀ ਦੇ ਪਾਲਣ-ਪੋਸਣਹਾਰ ਸੁਆਮੀ ਦਾ ਸਿਮਰਨ ਕਰ। |
| ਜਾਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥੧॥ | Seeking whose shelter man obtains peace and suffers not agony, again. | ਜਿਸ ਦੀ ਪਨਾਹ ਲੈਣ ਦੁਆਰਾ ਆਦਮੀ ਆਰਾਮ ਪਾਉਂਦਾ ਹੈ ਅਤੇ ਮੁੜ ਕੇ ਉਸ ਨੂੰ ਤਕਲੀਫ਼ ਨਹੀਂ ਹੁੰਦੀ। |
| ਰਹਾਉ ॥ | Pause. | ਠਹਿਰਾਉ। |
| ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥ | By good luck the saints society is obtained, by meeting with which the evil-intellect is dispelled. | ਚੰਗੇ ਨਸੀਬ ਰਾਹੀਂ ਸੰਗਤ ਹਾਸਲ ਹੁੰਦੀ ਹੈ, ਜਿਸ ਨਾਲ ਮਿਲ ਕੇ ਖੋਟੀ ਅਕਲ ਦੂਰ ਹੋ ਜਾਂਦੀ ਹੈ। |
| ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ | Slave Nanak longs for the dust of their feet, who have strunged the Lord's Name into their heart. | ਗੋਲਾ ਨਾਨਕ, ਉਨ੍ਹਾਂ ਦੇ ਪੈਰਾਂ ਦੀ ਧੂੜ ਦੀ ਚਾਹਨਾ ਕਰਦਾ ਹੈ, ਜਿਨ੍ਹਾਂ ਨੇ ਸੁਆਮੀ ਦਾ ਨਾਮ ਆਪਣੇ ਦਿਲ ਵਿਚ ਗੁੰਥਨ ਕੀਤਾ ਹੈ। |